सत्यमेव जयते

## ਪੰਜਾਬ ਦੇ ਰਾਜਪਾਲ

# ਸ਼੍ਰੀ ਵੀ.ਪੀ. ਸਿੰਘ ਬਦਨੌਰ

## ਵੱਲੋਂ

## ਵਿਧਾਨ ਸਭਾ

## ਵਿੱਚ

## ਮਿਤੀ 1 ਮਾਰਚ, 2021 ਦਿਨ ਸੋਮਵਾਰ

## ਨੂੰ ਦਿੱਤਾ ਗਿਆ

# ਭਾਸ਼ਣ

**ਸ਼੍ਰੀਮਾਨ ਸਪੀਕਰ ਸਾਹਿਬ ਅਤੇ ਮਾਣਯੋਗ ਮੈਂਬਰ ਸਾਹਿਬਾਨ।**

1. ਮੈਂ 15ਵੀਂ ਪੰਜਾਬ ਵਿਧਾਨ ਸਭਾ ਦੇ 14ਵੇਂ ਸੈਸ਼ਨ ਦੇ ਪਹਿਲੇ ਦਿਨ ਇਸ ਅਜ਼ੀਮ ਸਦਨ ਵਿਚ ਤੁਹਾਡੇ ਨਾਲ ਹੋਣ ਦੀ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਇੱਕ ਸਾਲ ਪਹਿਲਾਂ, ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ 150ਵੇਂ ਜਨਮ ਦਿਵਸ ਦੇ ਸਮਾਰੋਹ ਦੇ ਦੌਰਾਨ ਮਿਲੇ ਸੀ। ਅਸੀਂ ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਸ਼ਤਾਬਦੀ ਯਾਦ ਕਰਦਿਆਂ ਆਪਣੇ ਆਜ਼ਾਦੀ ਘੁਲਾਟੀਆਂ ਨੂੰ ਵੀ ਯਾਦ ਕੀਤਾ ਸੀ। ਮੇਰੀ ਸਰਕਾਰ ਨੇ, ਵਿਸ਼ਾਲ ਜਨਸਮੂਹ ਵਾਲੇ ਇਨ੍ਹਾਂ ਸਮਾਗਮਾਂ ਨੂੰ ਮਨਾਉਣ ਲਈ ਢੁਕਵੇਂ ਸਮਾਗਮਾਂ ਦਾ ਆਯੋਜਨ ਕੀਤਾ ਸੀ। ਅਸੀਂ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ, ਸ਼ਵੇਤਾਂਬਰ ਤੇਰਾ ਪੰਥ ਦੇ 10ਵੇਂ ਮੁਖੀ ਆਚਾਰੀਆ ਸ਼੍ਰੀ ਮਹਾਪ੍ਰੱਗਿਆ ਦੀ ਜਨਮ ਸ਼ਤਾਬਦੀ-ਅਤੇ ਭਗਤ ਨਾਮਦੇਵ ਜੀ ਦੇ 750ਵੇਂ ਜਨਮ ਦਿਵਸ ਦੇ ਸਮਾਰੋਹ ਲਈ ਵੀ ਢੁਕਵੇਂ ਸਮਾਗਮਾਂ ਦੀ ਯੋਜਨਾ ਬਣਾਈ ਸੀ, ਪਰ ਸਾਲ 2020 ਇਕ ਅਸਧਾਰਣ ਅਤੇ ਮੁਸ਼ਕਿਲ ਸਮੇਂ ਵਾਲਾ ਸਾਲ ਸੀ।

2. ਐਪਰ "ਹਿੰਦ ਦੀ ਚਾਦਰ" ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਇਸ ਸਾਲ 1 ਮਈ ਨੂੰ ਮਨਾਇਆ ਜਾਵੇਗਾ। ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਵਿਸ਼ਾਲ ਸਮਾਗਮ ਕਰਵਾ ਕੇ ਧਰਮ ਨਿਰਪੱਖਤਾ ਦੀ ਅਸਲ ਭਾਵਨਾ ਨੂੰ ਧਾਰਨ ਕਰਨ ਵਾਲੇ ਮਹਾਨ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰੇਗੀ। ਇਸ ਤੋਂ ਬਾਅਦ, ਕੋਵਿਡ ਸਾਵਧਾਨੀਆਂ ਦੀ ਪਾਲਣਾ ਕਰਦੇ ਹੋਏ, ਪੂਰੇ ਸਾਲ ਦੌਰਾਨ ਮਨਾਏ ਜਾਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਹੋਵੇਗੀ, ਜੋ ਅਗਲੇ ਸਾਲ ਗੁਰਪੁਰਬ 'ਤੇ ਸਮਾਪਤ ਹੋਵੇਗੀ।

3. ਸਤਿਕਾਰਯੋਗ ਮੈਂਬਰ ਸਾਹਿਬਾਨ, ਤੁਸੀਂ ਸਾਰੇ ਜਾਣਦੇ ਹੋ ਕਿ ਮਹਾਂਮਾਰੀ ਕੋਵਿਡ-19 ਦੇ ਕਾਰਨ ਹੋਈ ਤਬਾਹੀ ਅਤੇ ਇਸ ਤੋਂ ਬਾਅਦ ਭਾਰਤ ਸਰਕਾਰ ਦੁਆਰਾ ਲਾਗੂ ਕੀਤੇ ਗਏ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਨੇ ਰਾਜ ਵਿਚ ਇੱਕ ਅਜੀਬ ਜਿਹੀ ਸਥਿਤੀ ਪੈਦਾ ਕਰ ਦਿੱਤੀ। ਕੋਵਿਡ-19 ਦੇ ਕਾਰਨ ਮਹਾਂਮਾਰੀ ਨਾਲ ਪੈਦਾ

ਹੋਇਆ ਸੰਕਟ ਅਣਜਾਣ ਅਤੇ ਅਚਨਚੇਤ ਸੀ। ਐਪਰ, ਮੇਰੀ ਸਰਕਾਰ ਨੇ ਇਸ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਲੋੜੀਂਦੀ ਲਚਕਤਾ ਅਤੇ ਦ੍ਰਿੜਤਾ ਦਿਖਾਈ ਹੈ। ਮਾਰਚ, 2020 ਵਿਚ ਖਤਰਨਾਕ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਲਾੱਕਡਾਊਨ ਦੇ ਨਾਲ ਨਾਲ ਕਰਫਿਊ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਰਾਜ ਸੀ। ਮੇਰੀ ਸਰਕਾਰ ਹਮੇਸ਼ਾ ਲਾਕਡਾਊਨ ਲਗਾਉਣ ਦੇ ਨਾਲ-ਨਾਲ, ਜ਼ਮੀਨੀ ਹਾਲਾਤ ਬਦਲਣ ਤੇ ਇਸ ਵਿੱਚ ਢਿੱਲ ਦੇਣ ਵਿਚ ਵੀ ਤੇਜ਼ ਅਤੇ ਲਾਮਬੰਦ ਰਹੀ। ਇਸ ਦੇ ਨਤੀਜੇ ਵਜੋਂ, ਭਾਰਤ ਦੇ ਸਾਰੇ ਰਾਜਾਂ ਵਿਚੋਂ ਪੰਜਾਬ ਰਾਜ ਲਗਾਤਾਰ ਘੱਟ ਤੋਂ ਘੱਟ ਮਾਮਲਿਆਂ ਵਾਲੇ ਰਾਜਾਂ ਵਿਚੋਂ ਇਕ ਬਣਿਆ ਰਿਹਾ।

4. ਐਪਰ, ਆਮ ਲੋਕਾਂ ’ਤੇ ਬਹੁਤ ਹੀ ਮਾੜਾ ਅਸਰ ਹੋਇਆ, ਅਤੇ ਪੂਰੀ ਤਰ੍ਹਾਂ ਬੰਦ ਹੋਣ ਕਾਰਨ ਵਪਾਰ, ਕਾਰੋਬਾਰ ਅਤੇ ਉਦਯੋਗ ਲਗਭਗ ਤਬਾਹ ਹੋ ਗਏ। ਮੇਰੀ ਸਰਕਾਰ ਨੇ, ਇਨ੍ਹਾਂ ਮੁਸ਼ਕਲ ਹਾਲਾਤਾਂ ਵਿੱਚ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਦੇ ਹੋਏ ਉਨ੍ਹਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ, ਸਿਹਤ ਅਤੇ ਡਾਕਟਰੀ ਮੁੱਦਿਆਂ, ਰਾਸ਼ਨ, ਭੋਜਨ ਅਤੇ ਪ੍ਰਵਾਸੀ ਮਜ਼ਦੂਰਾਂ ਦੀ ਆਵਾਜਾਈ ਲਈ ਚਾਰ ਸਮਰਪਿਤ 24-ਘੰਟੇ ਦੀਆਂ ਹੈਲਪਲਾਈਨਾਂ ਸ਼ੁਰੂ ਕੀਤੀਆਂ। ਲਾੱਕਡਾਊਨ ਅਤੇ ਕਰਫ਼ਿਊ ਦੌਰਾਨ ਇਨ੍ਹਾਂ ਹੈਲਪਲਾਈਨਾਂ ਦੇ ਜ਼ਰੀਏ ਆਮ ਲੋਕਾਂ ਨੂੰ ਪ੍ਰਾਪਤ ਹੋਈਆਂ 24 ਲੱਖ ਤੋਂ ਵਧ ਸ਼ਿਕਾਇਤਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਰਾ ਕੀਤਾ ਗਿਆ।

5. ਮੇਰੀ ਸਰਕਾਰ ਨੇ ਜੀਵਨ ਰੱਖਿਅਕ ਜ਼ਰੂਰੀ ਵਸਤਾਂ ਜਿਵੇਂ ਭੋਜਨ, ਦਵਾਈਆਂ, ਨਿੱਜੀ ਸੁਰੱਖਿਆ ਕਿੱਟਾਂ, ਮਾਸਕ ਅਤੇ ਜਾਨਾਂ ਬਚਾਉਣ ਲਈ ਲੋੜੀਂਦੀਆਂ ਸਮੱਗਰੀਆਂ ਦੀ ਸਪਲਾਈ ਨੂੰ ਯਕੀਨੀ ਬਣਾ ਕੇ ਸਮਾਜਿਕ-ਆਰਥਿਕ ਦੁੱਖ-ਤਕਲੀਫ਼ਾਂ ਅਤੇ ਦੁਖੀ ਲੋਕਾਂ ਦੇ ਤਣਾਅ ਨੂੰ ਦੂਰ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ। ਕੋਵਿਡ-19 ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਿਸ਼ਨ ਫ਼ਤਿਹ – ਇਕ ਵਿਆਪਕ ਪਹੁੰਚ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਮੇਰੀ ਸਰਕਾਰ ਨੇ, ਸਿੱਧੇ

ਸੰਪਰਕ ਅਤੇ ਜਾਣਕਾਰੀ ਤੱਕ ਤੁਰੰਤ ਪਹੁੰਚ ਲਈ ਕੋਵਾ ਐਪ ਲਾਂਚ ਕੀਤੀ, ਜਿਸ ਨੂੰ ਰਾਜ ਦੇ 58 ਲੱਖ ਤੋਂ ਵੱਧ ਲੋਕਾਂ ਅਤੇ ਟੈਲੀ-ਕੰਸਲਟੇਸ਼ਨ ਲਈ ਈ-ਸੰਜੀਵਨੀ ਨੂੰ ਡਾਊਨਲੋਡ ਕੀਤਾ।

6. ਵਿਸ਼ਵਵਿਆਪੀ ਅਤੇ ਰਾਸ਼ਟਰੀ ਮਾਹਰਾਂ, ਵਿਗਿਆਨੀਆਂ ਅਤੇ ਡਾਕਟਰਾਂ ਦੀ ਸਹਾਇਤਾ ਅਤੇ ਮਾਰਗਦਰਸ਼ਨ ਦੇ ਨਾਲ, ਮੇਰੀ ਸਰਕਾਰ ਨੇ ਰਾਜ ਵਿੱਚ ਵਾਇਰਸ ਦੇ ਫੈਲਣ ਅਤੇ ਜਾਨਾਂ ਦੇ ਨੁਕਸਾਨ ਨੂੰ ਘੱਟ ਕਰਨ ਲਈ ਟੈੱਸਟ, ਟਰੇਸ ਅਤੇ ਟ੍ਰੀਟ ਦੀ ਰਣਨੀਤੀ 'ਤੇ ਬਹੁਤ ਤੇਜ਼ੀ ਨਾਲ ਕੰਮ ਕੀਤਾ। ਜਦੋਂ ਮਹਾਂਮਾਰੀ ਦੀ ਸ਼ੁਰੂਆਤ ਹੋਈ, ਰਾਜ ਕੋਲ ਕੋਵਿਡ-19 ਦਾ ਟੈਸਟ ਕਰਨ ਦੀ ਕੋਈ ਸਮਰੱਥਾ ਨਹੀਂ ਸੀ, ਅਤੇ ਨਮੂਨਿਆਂ ਨੂੰ ਟੈੱਸਟਿੰਗ ਲਈ ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲੋਜੀ, ਪੂਨੇ ਭੇਜਣਾ ਪੈਂਦਾ ਸੀ। ਐਪਰ, ਮੇਰੀ ਸਰਕਾਰ ਮਾਰਚ ਦੇ ਮਹੀਨੇ ਵਿਚ ਹੀ ਪਟਿਆਲਾ ਅਤੇ ਫਰੀਦਕੋਟ ਵਿਖੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਟੈਸਟਿੰਗ ਕਰਨ ਦੇ ਸਮਰੱਥ ਬਣ ਗਈ ਸੀ। ਹਰ ਲਬਾਰਟਰੀ ਵਿਚ ਪ੍ਰਤੀ ਦਿਨ 40 ਟੈਸਟਾਂ ਦੀ ਸ਼ੁਰੂਆਤੀ ਸਮਰੱਥਾ ਨੂੰ ਯੋਜਨਾਬੱਧ ਢੰਗ ਨਾਲ ਵਧਾਇਆ ਗਿਆ, ਅਤੇ ਅੱਜ ਰਾਜ ਸੱਤ ਸਰਕਾਰੀ ਲਬਾਰਟਰੀਆਂ ਵਿਚ 26500 ਆਰ.ਟੀ.ਪੀ.ਸੀ.ਆਰ ਟੈਸਟ ਕਰਨ ਦੇ ਸਮਰੱਥ ਹੈ। 46 ਪ੍ਰਾਈਵੇਟ ਲਬਾਰਟਰੀਆਂ ਵੀ ਕਾਰਜਸ਼ੀਲ ਹਨ। ਲੋੜ ਅਨੁਸਾਰ ਰੈਪਿਡ ਐਂਟੀਜੇਨ ਟੈਸਟ ਦੀ ਵਰਤੋਂ ਕੀਤੀ ਗਈ, ਪਰ ਮੁੱਖ ਤੌਰ ਤੇ ਵਧੇਰੇ ਭਰੋਸੇਮੰਦ ਆਰ.ਟੀ.ਪੀ.ਸੀ.ਆਰ ਟੈਸਟਾਂ ਦੀ ਵਰਤੋਂ ਕੀਤੀ ਗਈ। ਰਾਜ ਪ੍ਰਤੀ ਦਿਨ 30,000 ਤੋਂ ਵੱਧ ਨਮੂਨਿਆਂ ਦੀ ਜਾਂਚ ਕਰਨ ਦੇ ਸਮਰੱਥ ਸੀ, ਅਤੇ ਟੈਸਟਿੰਗ ਦਰ ਹਰ ਸਮੇਂ ਰਾਸ਼ਟਰੀ ਔਸਤ ਨਾਲੋਂ ਜ਼ਿਆਦਾ ਰਹੀ।

7. ਮੇਰੀ ਸਰਕਾਰ ਨੇ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਸਿਹਤ ਸਹੂਲਤਾਂ ਨੂੰ ਅਪਗ੍ਰੇਡ ਕਰਨ ਅਤੇ ਵਧਾਉਣ ਲਈ ਤੁਰੰਤ ਕਦਮ ਚੁੱਕੇ ਅਤੇ ਮਹਾਂਮਾਰੀ ਦੇ ਪ੍ਰਬੰਧਨ ਅਤੇ ਰੋਕਥਾਮ ਲਈ ਕੋਵਿਡ ਕੇਅਰ ਸੈਂਟਰ ਸਥਾਪਤ ਕੀਤੇ। ਸਰਕਾਰੀ ਸਹੂਲਤਾਂ ਵਿਚ ਆਕਸੀਜਨ ਸਹਾਇਤਾ ਵਾਲੇ 5238 ਲੈਵਲ-2ਜ਼ ਹਸਪਤਾਲ ਬੈੱਡ ਸਥਾਪਿਤ ਕੀਤੇ ਗਏ ਹਨ ਅਤੇ ਨਿੱਜੀ ਸਹੂਲਤਾਂ ਵਿਚ 2673 ਬੈੱਡਾਂ ਦਾ ਪ੍ਰਬੰਧ ਕੀਤਾ

ਗਿਆ। 1530 ਆਈਸੀਯੂ ਬੈੱਡ ਸਥਾਪਤ ਕੀਤੇ ਗਏ ਸਨ, ਜਿਨ੍ਹਾਂ ਵਿੱਚ ਵੈਂਟੀਲੇਟਰ ਸਹਾਇਤਾ ਵਾਲੇ 645 ਬੈੱਡ ਸ਼ਾਮਲ ਹਨ। ਇਸ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਕਿਸੇ ਵੀ ਮਰੀਜ਼ ਨੂੰ ਬੈੱਡ ਦੀ ਘਾਟ ਕਾਰਨ ਇਲਾਜ ਤੋਂ ਇਨਕਾਰ ਨਾ ਕੀਤਾ ਜਾਵੇ।

8. ਇਸ ਤੋਂ ਇਲਾਵਾ, ਰਾਜ ਵਿੱਚ ਇਸ ਸਮੇਂ 25 ਐਡਵਾਂਸਡ ਲਾਈਫ ਸਪੋਰਟ (ਏ .ਐੱਲ.ਐੱਸ.) ਐਂਬੂਲੈਂਸਾਂ ਅਤੇ 300 ਬੇਸਿਕ ਲਾਈਫ ਸਪੋਰਟ (ਬੀ.ਐਲ.ਐਸ.) ਐਂਬੂਲੈਂਸਾਂ ਉਪਲਬਧ ਹਨ, ਜਦੋਂ ਕਿ ਅਪ੍ਰੈਲ 2020 ਵਿੱਚ ਸਿਰਫ 2 ਏ.ਐਲ.ਐਸ. ਅਤੇ 240 ਬੀ.ਐਲ.ਐਸ. ਐਂਬੂਲੈਂਸਾਂ ਸਨ। ਰਾਜ ਵਿੱਚ ਤਿੰਨ ਪਲਾਜ਼ਮਾ ਬੈਂਕ ਵੀ ਸਥਾਪਤ ਕੀਤੇ ਗਏ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਿਹਤ ਮਾਹਿਰਾਂ ਨੇ ਰਾਜ ਵਿੱਚ ਕੋਵਿਡ-19 ਦੇ ਮਰੀਜ਼ਾਂ ਦੇ ਇਲਾਜ ਲਈ ਅਤਿ-ਆਧੁਨਿਕ ਇਲਾਜ ਲਿਆਉਣ ਵਿੱਚ ਸਹਾਇਤਾ ਕੀਤੀ, ਜਿਵੇਂ ਕਿ ਉੱਚ-ਵਹਾਅ ਨਾਸਕ ਪਾਈਪਾਂ (ਹਾਈ ਫ਼ਲੋ ਨੇਜ਼ਲ ਕੈਨੁਅਲਜ਼) ਦੀ ਵਰਤੋਂ ਕਰਨਾ।

9. ਸਤਿਕਾਰਯੋਗ ਮੈਂਬਰ ਸਾਹਿਬਾਨ, ਅਜਿਹੀ ਮਹਾਂਮਾਰੀ ਨਾਲ ਹੋਣ ਵਾਲੇ ਕਸ਼ਟ ਨੂੰ ਕਦੇ ਵੀ ਪੂਰੀ ਤਰ੍ਹਾਂ ਘੱਟ ਨਹੀਂ ਕੀਤਾ ਜਾ ਸਕਦਾ, ਪਰ ਮੇਰੀ ਸਰਕਾਰ ਨੇ ਇਸ ਦੇ ਪ੍ਰਭਾਵ ਨੂੰ ਘਟਾਉਣ ਲਈ ਹਰ ਸੰਭਵ ਉਪਾਅ ਕੀਤੇ। ਇਸ ਨੇ ਬੇਘਰੇ, ਕਮਜ਼ੋਰ, ਅਤੇ ਦਿਹਾੜੀਦਾਰਾਂ ਲਈ ਭੋਜਨ ਅਤੇ ਸ਼ਰਨ ਮੁੱਹਈਆ ਕਰਵਾਏ ਜਾਣ ਨੂੰ ਯਕੀਨੀ ਬਣਾਉਣ ਲਈ ਰਾਜ ਆਫ਼ਤ ਰਾਹਤ ਫੰਡ ਵਿਚੋਂ 90 ਕਰੋੜ ਰੁਪਏ ਜਾਰੀ ਕੀਤੇ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਨੇ ਲੋੜਵੰਦ ਵਿਅਕਤੀਆਂ ਦੀਆਂ ਪ੍ਰੇਸ਼ਾਨੀਆਂ ਦੂਰ ਕਰਨ ਵਿੱਚ ਸਹਾਇਤਾ ਲਈ ਹਰ ਸੰਭਵ ਯਤਨ ਕੀਤੇ ਅਤੇ ਸਰਕਾਰ ਵੱਲੋਂ ਭੋਜਨ ਦੇ 29 ਲੱਖ ਪੈਕੇਟ ਵੰਡੇ ਗਏ। ਰਾਜ ਦੀਆਂ ਗੈਰ-ਸਰਕਾਰੀ ਸੰਸਥਾਵਾਂ, ਧਾਰਮਿਕ ਅਤੇ ਦਾਨੀ ਸੰਸਥਾਵਾਂ 2 ਕਰੋੜ ਸੁੱਕੇ ਰਾਸ਼ਨ ਦੇ ਪੈਕੇਟ ਵੰਡਣ ਲਈ ਵਿਸ਼ੇਸ਼ ਪ੍ਰਸ਼ੰਸਾ ਦੀਆਂ ਪਾਤਰ ਹਨ।

10. ਮੇਰੀ ਸਰਕਾਰ ਨੇ ਸਾਰੇ ਸਰਪੰਚਾਂ ਅਤੇ ਸ਼ਹਿਰੀ ਸਥਾਨਕ ਅਦਾਰਿਆਂ ਦੇ ਪ੍ਰਧਾਨਾਂ ਨੂੰ ਗਰੀਬ ਅਤੇ ਲੋੜਵੰਦ ਵਿਅਕਤੀਆਂ ਨੂੰ ਐਮਰਜੈਂਸੀ ਰਾਹਤ ਪ੍ਰਦਾਨ ਕਰਨ

ਲਈ ਅਧਿਕ੍ਰਿਤ ਕੀਤਾ ਹੈ, ਜਿਸ ਵਿੱਚ ਗ੍ਰਾਮ ਪੰਚਾਇਤ ਜਾਂ ਯੂ.ਐਲ.ਬੀ. ਫੰਡਾਂ ਵਿਚੋਂ ਭੋਜਨ ਅਤੇ ਦਵਾਈਆਂ ਲਈ 50,000 ਰੁਪਏ ਤੱਕ ਦੀ ਸਹਾਇਤਾ ਉਪਲਬਧ ਹੈ।

11. ਗਰੀਬਾਂ ਨੂੰ ਰਾਹਤ ਦੇਣ ਲਈ, ਮੇਰੀ ਸਰਕਾਰ ਨੇ ਤਕਰੀਬਨ 25 ਲੱਖ ਬਜ਼ੁਰਗਾਂ, ਵਿਧਵਾਵਾਂ ਅਤੇ ਅਪਾਹਜ ਵਿਅਕਤੀਆਂ ਲਈ 668 ਕਰੋੜ ਰੁਪਏ ਦੀ ਚਾਰ ਮਹੀਨਿਆਂ ਦੀ ਅਗਾਊਂ ਪੈਨਸ਼ਨ ਜਾਰੀ ਕੀਤੀ। ਇਸ ਸਮੇਂ ਦੌਰਾਨ 3 ਲੱਖ ਤੋਂ ਵੱਧ ਮਗਨਰੇਗਾ ਵਰਕਰਾਂ ਨੂੰ 115 ਕਰੋੜ ਰੁਪਏ ਕਮਾਉਣ ਦੇ ਯੋਗ ਬਣਾਉਣ ਲਈ ਮਗਨਰੇਗਾ ਅਧੀਨ ਕੰਮਾਂ ਨੂੰ ਤੇਜ਼ ਕੀਤਾ ਗਿਆ। ਇਸ ਤੋਂ ਇਲਾਵਾ, ਲਾੱਕਡਾਊਨ ਦੇ ਸਮੇਂ ਦੌਰਾਨ ਸਹਾਇਤਾ ਵਜੋਂ ਤਕਰੀਬਨ 2.9 ਲੱਖ ਉਸਾਰੀ ਵਰਕਰਾਂ ਨੂੰ 6000 ਰੁਪਏ ਪ੍ਰਤੀ ਵਰਕਰ ਦੀ ਦਰ ਨਾਲ 174 ਕਰੋੜ ਰੁਪਏ ਤੋਂ ਵੱਧ ਦੀ ਰਾਹਤ ਦਿੱਤੀ ਗਈ।

12. ਇਸ ਤੋਂ ਇਲਾਵਾ, ਕੋਵਿਡ-19 ਦੇ ਪ੍ਰਭਾਵ ਨੂੰ ਘੱਟ ਕਰਨ ਲਈ, ਪੀ.ਐਸ.ਪੀ.ਸੀ.ਐਲ. ਨੇ ਆਪਣੇ ਖਪਤਕਾਰਾਂ ਨੂੰ ਲਗਭਗ 500 ਕਰੋੜ ਰੁਪਏ ਦੀ ਲਾਗਤ ਵਾਲੀਆਂ ਕਈ ਤਰ੍ਹਾਂ ਦੀਆਂ ਰਾਹਤਾਂ ਦਿੱਤੀਆਂ। ਇਨ੍ਹਾਂ ਵਿਚ ਬਿਜਲੀ ਬਿੱਲਾਂ ਦੀ ਅਦਾਇਗੀ ਨੂੰ ਮੁਲਤਵੀ ਕਰਨਾ, ਮੌਜੂਦਾ ਊਰਜਾ ਬਿੱਲਾਂ 'ਤੇ ਇਕ ਪ੍ਰਤੀਸ਼ਤ ਦੀ ਛੋਟ, ਸਥਿਰ ਖਰਚਿਆਂ ਨੂੰ ਮੁਲਤਵੀ ਕਰਨਾ, ਐਕਸਟੈਂਸ਼ਨ ਖਰਚੇ ਮਾਫ਼ ਕਰਨਾ ਅਤੇ ਬਿਜਲੀ ਖਪਤਕਾਰਾਂ ਲਈ ਸਕਿਉਰਿਟੀ ਰਾਸ਼ੀ ਵਿਚ ਕੋਈ ਸੋਧ ਨਾ ਕਰਨਾ ਸ਼ਾਮਲ ਹਨ। ਮੇਰੀ ਸਰਕਾਰ ਦੁਆਰਾ ਬਿਜਲੀ ਖਪਤਕਾਰਾਂ ਲਈ ਚੁੱਕੇ ਗਏ ਹੋਰ ਰਾਹਤ ਉਪਾਅ ਇਹ ਸਨ: i) ਵਪਾਰਕ ਅਤੇ ਬਿਜਲੀ ਦੇ ਛੋਟੇ ਉਦਯੋਗਿਕ ਖਪਤਕਾਰਾਂ ਲਈ ਆਪਣੀ ਰੀਡਿੰਗ ਨੂੰ "ਮੀਟਰ ਰੀਡਿੰਗ ਆੱਨ ਟਰੱਸਟ" ਦੇ ਤਹਿਤ ਪੀ.ਐਸ.ਪੀ.ਸੀ.ਐਲ ਦੀ ਵੈੱਬਸਾਈਟ ਉੱਤੇ ਅਪਲੋਡ ਕਰਨ ਲਈ ਸਹੂਲਤ; ii) ਬਿਜਲੀ ਬਿੱਲਾਂ ਦੀ ਕਿਸ਼ਤਾਂ ਵਿਚ ਅਦਾਇਗੀ; iii) ਬਿੱਲਾਂ ਦੀ ਅਦਾਇਗੀ ਨਾ ਹੋਣ ਕਾਰਨ ਕੋਈ ਕੁਨੈਕਸ਼ਨ ਨਹੀਂ ਕੱਟਿਆ ਜਾਵੇਗਾ, ਅਤੇ iv) ਏ/ਏ ਫਾਰਮ ਜਮ੍ਹਾ ਕਰਨ ਲਈ ਵੈਧਤਾ ਵਿਚ ਵਾਧਾ।

13. ਸਤਿਕਾਰਯੋਗ ਮੈਂਬਰ ਸਾਹਿਬਾਨ, ਮੇਰੀ ਸਰਕਾਰ ਨੇ 5 ਲੱਖ ਤੋਂ ਵੱਧ ਪ੍ਰਵਾਸੀ ਮਜ਼ਦੂਰਾਂ ਨੂੰ 375 ਰੇਲ ਗੱਡੀਆਂ ਵਿਚ ਉਨ੍ਹਾਂ ਦੇ ਘਰਾਂ ਤਕ ਪਹੁੰਚਾਉਣ ਲਈ 35 ਕਰੋੜ ਰੁਪਏ ਦਾ 100 ਪ੍ਰਤੀਸ਼ਤ ਖਰਚਾ ਵੀ ਚੁੱਕਿਆ। 21,000 ਤੋਂ ਵੱਧ ਪ੍ਰਵਾਸੀ ਮਜ਼ਦੂਰਾਂ ਨੂੰ 725 ਵਿਸ਼ੇਸ਼ ਬੱਸਾਂ ਰਾਹੀਂ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਇਆ ਗਿਆ। ਸਰਕਾਰ ਨੇ ਰਾਜ ਦੇ ਉਨ੍ਹਾਂ ਲੋਕਾਂ ਨੂੰ ਵਾਪਸ ਲਿਆਉਣ ਲਈ ਵਿਸ਼ੇਸ਼ ਬੱਸਾਂ ਉਪਲਬੱਧ ਕਰਵਾਈਆਂ ਜੋ ਲਾੱਕਡਾਊਨ ਦੇ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਫਸੇ ਹੋਏ ਸਨ, ਜਿਨ੍ਹਾਂ ਵਿੱਚ ਨੰਦੇੜ ਤੋਂ ਤਕਰੀਬਨ 4000 ਸ਼ਰਧਾਲੂ ਅਤੇ ਕੋਟਾ ਤੋਂ 2000 ਤੋਂ ਵੱਧ ਵਿਦਿਆਰਥੀ ਵੀ ਸ਼ਾਮਲ ਸਨ ।

14. ਸਤਿਕਾਰਯੋਗ ਮੈਂਬਰ ਸਾਹਿਬਾਨ, ਹੁਣ ਤੱਕ ਰਾਜ ਵਿਚ ਕੋਰਨਾਵਾਇਰਸ ਤੋਂ ਤਕਰੀਬਨ 1.8 ਲੱਖ ਵਿਅਕਤੀ ਪ੍ਰਭਾਵਿਤ ਹੋਏ ਹਨ, ਜਦੋਂ ਕਿ ਪੂਰੇ ਦੇਸ਼ ਵਿਚ ਇਹ ਗਿਣਤੀ 1.1 ਕਰੋੜ ਤੋਂ ਵੀ ਜ਼ਿਆਦਾ ਹੈ। ਇਨ੍ਹਾਂ ਵਿਚੋਂ ਲਗਭਗ 1.7 ਲੱਖ ਵਿਅਕਤੀ ਸਿਹਤਯਾਬ ਹੋ ਚੁਕੇ ਹਨ। ਮੈਨੂੰ ਜਾਣਕਾਰੀ ਹੈ ਕਿ ਭੁਹਾਡੇ ਵਿਚੋਂ ਵੀ ਕੁਝ ਇਸ ਮਾਰੂ ਵਾਇਰਸ ਨਾਲ ਪ੍ਰਭਾਵਿਤ ਹੋਏ ਸਨ। ਐਪਰ, ਮੈਂ ਇਹ ਦੇਖ ਕੇ ਖੁਸ਼ ਹਾਂ ਕਿ ਪ੍ਰਭਾਵਤ ਮੈਂਬਰ ਅਤੇ ਉਨ੍ਹਾਂ ਦੇ ਪਰਿਵਾਰ ਪੂਰੀ ਤਰ੍ਹਾਂ ਠੀਕ ਹੋ ਗਏ ਹਨ।

15. ਮਹਾਂਮਾਰੀ ਨੂੰ ਰੋਕ ਲਿਆ ਗਿਆ ਹੈ, ਪਰੰਤੂ ਇਹ ਬੇਪਰਵਾਹ ਹੋ ਜਾਣ ਦਾ ਕਾਰਨ ਨਹੀਂ ਹੈ। ਮੇਰੀ ਸਰਕਾਰ ਨੇੜਲੇ ਭਵਿੱਖ ਵਿਚ ਇਸ ਵਾਇਰਸ ਦੇ ਮੁੜ ਉਭਰਨ ਨੂੰ ਰੋਕਣ ਲਈ ਉਚਿਤ ਧਿਆਨ ਅਤੇ ਸਾਵਧਾਨੀ ਵਰਤਣੀ ਜਾਰੀ ਰੱਖੇਗੀ। ਇਹ ਰਾਜ ਵਿਚ ਸਿਹਤ ਸੰਭਾਲ ਢਾਂਚੇ ਨੂੰ ਅੱਗੇ ਵਧਾਉਣ ਲਈ ਹਰ ਸੰਭਵ ਯਤਨ ਕਰਨਾ ਵੀ ਜਾਰੀ ਰੱਖੇਗੀ।

16. ਸਤਿਕਾਰਯੋਗ ਮੈਂਬਰ ਸਾਹਿਬਾਨ, ਕੋਵਿਡ-19 ਮਹਾਂਮਾਰੀ ਨੂੰ ਠੱਲ੍ਹ ਪਾਉਣ ਅਤੇ ਪ੍ਰਬੰਧਨ ਕਰਨ ਦੀ ਸਾਡੀ ਕੋਸ਼ਿਸ਼ ਵਿਚ ਸਿਹਤ ਕਰਮਚਾਰੀਆਂ, ਫਰੰਟ ਲਾਈਨ ਵਰਕਰਾਂ, ਪੁਲਿਸ ਕਰਮਚਾਰੀਆਂ, ਮਾਲ ਅਧਿਕਾਰੀਆਂ ਅਤੇ ਹੋਰ ਸਾਰੇ ਸਰਕਾਰੀ ਕਰਮਚਾਰੀਆਂ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਕਵਾਇਦ ਵਿਚ ਸਾਡੇ 34

ਸਰਕਾਰੀ ਕਰਮਚਾਰੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ। ਕੀਮਤੀ ਜਾਨਾਂ ਦੇ ਨੁਕਸਾਨ ’ਤੇ ਅਫਸੋਸ ਕਰਦਿਆਂ ਮੈਂ, ਉਨ੍ਹਾਂ ਦੁਆਰਾ ਕੀਤੇ ਸਾਰੇ ਚੰਗੇ ਕੰਮਾਂ ਲਈ ਉਨ੍ਹਾਂ ਪ੍ਰਤੀ ਆਪਣੀ ਨਿੱਜੀ ਪ੍ਰਸੰਸਾ, ਅਤੇ ਮੇਰੀ ਸਰਕਾਰ ਦੀ ਸ਼ਲਾਘਾ ਅਤੇ ਧੰਨਵਾਦ ਕਹਿਣਾ ਚਾਹੁੰਦਾ ਹਾਂ।

17. ਯੂਨੀਵਰਸਲ ਹੈਲਥ ਕਵਰ ਮੇਰੀ ਸਰਕਾਰ ਦੀ ਇਕ ਮਹੱਤਵਪੂਰਣ ਵਚਨਬੱਧਤਾ ਸੀ। ਇਸ ਕੋਸ਼ਿਸ਼ ਵਿੱਚ ਮੁੱਖ ਮੰਤਰੀ, ਪੰਜਾਬ ਨੇ 20 ਅਕਤੂਬਰ, 2019 ਨੂੰ “ਸਰਬੱਤ ਸਿਹਤ ਬੀਮਾ ਯੋਜਨਾ” ਦੀ ਸ਼ੁਰੂਆਤ ਕੀਤੀ, ਜਿਸ ਦੇ ਤਹਿਤ ਤਕਰੀਬਨ 40 ਲੱਖ ਪਰਿਵਾਰਾਂ ਨੂੰ 5 ਲੱਖ ਰੁਪਏ ਪ੍ਰਤੀ ਪਰਿਵਾਰ ਦੀ ਦਰ ਨਾਲ ਸਿਹਤ ਕਵਰ ਦਿੱਤਾ ਜਾਵੇਗਾ, ਜੋ ਰਾਜ ਦੀ ਲਗਭਗ 70 ਪ੍ਰਤੀਸ਼ਤ ਆਬਾਦੀ ਨੂੰ ਕਵਰ ਕਰਦਾ ਹੈ। ਇਸ ਮਹੱਤਵਪੂਰਣ ਸਿਹਤ ਬੀਮਾ ਯੋਜਨਾ ਦੇ ਫ਼ਾਇਦੇ ਲਾਭਪਾਤਰੀ ਪਰਿਵਾਰਾਂ ਤੱਕ ਪਹੁੰਚਾਉਣ ਲਈ ਹੁਣ ਤੱਕ 45 ਲੱਖ ਵਿਅਕਤੀਗਤ ਈ-ਕਾਰਡ ਤਿਆਰ ਕੀਤੇ ਜਾ ਚੁੱਕੇ ਹਨ। ਈ-ਕਾਰਡ ਬਣਾਉਣ ਵਾਲੀ ਮੁਹਿੰਮ ਨੂੰ ਤੇਜ਼ ਕਰਨ ਲਈ ਇਕ ਸਮਰਪਿਤ ਏਜੰਸੀ ਦੀ ਨਿਯੁਕਤੀ ਕੀਤੀ ਗਈ ਹੈ, ਜਿਸ ਦਾ ਕੰਮ ਕੋਵਿਡ-19 ਲੱਕਡਾਉਨ ਦੌਰਾਨ ਰੁਕ ਗਿਆ ਸੀ। ਉਨ੍ਹਾਂ ਲਾਭਪਾਤਰੀਆਂ, ਜਿਨ੍ਹਾਂ ਦੇ ਨਾਮ ਡਾਟਾਬੇਸ ਵਿਚ ਤਾਂ ਹਨ ਪਰ ਅਜੇ ਤੱਕ ਈ-ਕਾਰਡ ਪ੍ਰਾਪਤ ਨਹੀਂ ਹੋਏ ਜਾਂ ਡਾਊਨਲੋਡ ਨਹੀਂ ਕੀਤੇ ਗਏ, ਨੂੰ ਵੀ ਇਸ ਸਕੀਮ ਅਧੀਨ ਸਿਹਤ ਸੇਵਾਵਾਂ ਦਾ ਲਾਭ ਲੈਣ ਦੀ ਮਨਜ਼ੂਰੀ ਦਿੱਤੀ ਗਈ ਹੈ। ਮਿਤੀ ਅੰਤ ਤੱਕ, 5.56 ਲੱਖ ਕੈਸ਼ਲੈੱਸ ਇਲਾਜ, ਜਿਨ੍ਹਾਂ ਦੀ ਲਾਗਤ ਲਗਭਗ 640 ਕਰੋੜ ਰੁਪਏ ਹੈ, ਹੱਕਦਾਰ ਲਾਭਪਾਤਰੀਆਂ ਨੂੰ ਮੁੱਹਈਆ ਕਰਵਾਏ ਗਏ ਹਨ। ਇਸ ਯੋਜਨਾ ਤਹਿਤ ਹਰ ਰੋਜ਼ ਔਸਤਨ 1500 ਮਰੀਜ਼ ਇਲਾਜ ਕਰਵਾ ਰਹੇ ਹਨ।

18. ਰਾਜ ਵਿੱਚ ਸਿਹਤ ਅਤੇ ਤੰਦਰੁਸਤੀ ਕਲੀਨਿਕਾਂ (ਐਚ.ਡਬਲਯੂ.ਸੀ) ਸਥਾਪਤ ਕਰਨ ਦੇ ਆਪਣੇ ਵੱਲੋਂ ਦਿੱਤੇ ਭਰੋਸੇ ਦੇ ਮੱਦੇਨਜ਼ਰ, ਮੇਰੀ ਸਰਕਾਰ ਨੇ ਹੁਣ ਤੱਕ 2046 ਐਚ.ਡਬਲਯੂ.ਸੀ ਅਰੰਭ ਕੀਤੇ ਹਨ, ਅਤੇ 800 ਹੋਰ ਐਚ.ਡਬਲਯੂ.ਸੀ ਜਲਦੀ ਹੀ ਅਰੰਭ ਕਰ ਦਿੱਤੇ ਜਾਣਗੇ। ਕੁਲ ਮਿਲਾ ਕੇ, ਇਨ੍ਹਾਂ ਕੇਂਦਰਾਂ ਨੇ ਹੁਣ

ਤੱਕ ਰਾਜ ਦੇ 71 ਲੱਖ ਤੋਂ ਵੱਧ ਲੋਕਾਂ ਨੂੰ ਓਪੀਡੀ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਮਾਰਚ 2020 ਵਿੱਚ ਪੇਂਡੂ ਇਲਾਕਿਆਂ ਵਿੱਚ ਲੋਕਾਂ ਲਈ ਡਾਕਟਰੀ ਸੇ ਵਾਵਾਂ ਮੁਹੱਈਆ ਕਰਵਾਉਣ ਲਈ 400 ਐਚ.ਡਬਲਯੂ.ਸੀ ਲਈ ਟੈਲੀਮੈਡੀਸਨ ਸੇਵਾਵਾਂ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਹੁਣ ਤੱਕ ਵੀਡੀਓ ਕਾਲਿੰਗ ਰਾਹੀਂ 26 ਹਜ਼ਾਰ ਤੋਂ ਵੱਧ ਟੈਲੀ ਸਲਾਹ ਮਸ਼ਵਰੇ ਕੀਤੇ ਜਾ ਚੁੱਕੇ ਹਨ।

19. ਮੇਰੀ ਸਰਕਾਰ ਨੇ ਰਾਜ ਵਿੱਚ ਐੱਸ.ਏ.ਐੱਸ.ਨਗਰ, ਕਪੂਰਥਲਾ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਮਾਲੇਰਕੋਟਲਾ ਵਿਖੇ ਪੰਜ ਨਵੇਂ ਮੈਡੀਕਲ ਕਾਲਜ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਐੱਸ.ਏ.ਐੱਸ. ਨਗਰ ਵਿਖੇ ਡਾ.ਬੀ.ਆਰ. ਅੰਬੇਦਕਰ ਸਟੇਟ ਇੰਸਟੀਚਿਊਟ ਆੱਫ ਮੈਡੀਕਲ ਸਾਇੰਸਿਜ਼, ਆਉਣ ਵਾਲੇ ਅਕਾਦਮਿਕ ਸੈਸ਼ਨ ਦੌਰਾਨ ਕਾਰਜਸ਼ੀਲ ਹੋ ਜਾਵੇਗਾ, ਜਦੋਂ ਕਿ ਬਾਕੀ ਮੈਡੀਕਲ ਕਾਲਜ ਇਸ ਸਮੇਂ ਲੋੜੀਂਦੀ ਪ੍ਰਵਾਨਗੀ ਪ੍ਰਕਿਰਿਆਵਾਂ ਮੁਕੰਮਲ ਹੋਣ ਤੋਂ ਬਾਅਦ ਆਪਣੇ ਕੰਮ ਸ਼ੁਰੂ ਕਰ ਦੇਣਗੇ।

20. ਮੇਰੀ ਸਰਕਾਰ ਨੇ ਭਾਰਤ ਸਰਕਾਰ ਨੂੰ ਰਾਜ ਵਿਚ ਇਕ ਖੇਤਰੀ ਵਾਇਰਲੌਜੀ ਇੰਸਟੀਚਿਊਟ ਸਥਾਪਤ ਕਰਨ ਦੀ ਅਪੀਲ ਕੀਤੀ ਹੈ ਅਤੇ ਇਸ ਮੰਤਵ ਲਈ ਲੋੜੀਂਦੀ ਜ਼ਮੀਨ ਮੁਫਤ ਉਪਲਬਧ ਕਰਾਉਣ ਦੀ ਪੇਸ਼ਕਸ਼ ਕੀਤੀ ਹੈ। ਮੈਂ ਤੁਹਾਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਭਾਰਤ ਸਰਕਾਰ ਦੀ ਮਨਜ਼ੂਰੀ ਮਿਲ ਗਈ ਹੈ, ਅਤੇ ਇਸ ਸਮੇਂ ਇੰਸਟੀਚਿਊਟ ਲਈ ਥਾਂ ਲੱਭਣ ਦੀ ਪ੍ਰਕ੍ਰਿਆ ਚੱਲ ਰਹੀ ਹੈ।

21. ਮੇਰੀ ਸਰਕਾਰ ਨੇ 16 ਜਨਵਰੀ 2021 ਨੂੰ ਰਾਜ ਵਿੱਚ ਕੋਵਿਡ-19 ਟੀਕਾਕਰਣ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਭਾਰਤ ਸਰਕਾਰ ਦੁਆਰਾ ਨਿਰਧਾਰਤ ਕੀਤੀਆਂ ਤਰਜੀਹਾਂ ਦੇ ਅਨੁਸਾਰ, ਮਿਤੀ 25 ਫਰਵਰੀ 2021 ਤੱਕ 1.22 ਲੱਖ ਹੈਲਥ ਕੇਅਰ ਅਤੇ ਹੋਰ ਫਰੰਟਲਾਈਨ ਵਰਕਰਾਂ ਨੂੰ ਟੀਕੇ ਦੀ ਪਹਿਲੀ ਖੁਰਾਕ ਦੇ ਤੌਰ ਤੇ ਟੀਕਾ ਲਗਾਇਆ ਜਾ ਚੁਕਾ ਹੈ।

22. ਮੇਰੀ ਸਰਕਾਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਰਾਜ ਦੇ ਸਾਰੇ

ਯੋਗ ਵਿਅਕਤੀਆਂ ਦੇ ਮੁਫਤ ਟੀਕਾਕਰਣ ਨੂੰ ਯਕੀਨੀ ਬਣਾਉਣ। ਜੇਕਰ, ਭਾਰਤ ਸਰਕਾਰ ਇਸ ਜ਼ਰੂਰੀ ਡਿਊਟੀ ਨੂੰ ਪੂਰਾ ਨਹੀਂ ਕਰਦੀ, ਤਾਂ ਮੇਰੀ ਸਰਕਾਰ ਰਾਜ ਦੇ ਸਾਰੇ ਯੋਗ ਵਿਅਕਤੀਆਂ ਨੂੰ ਆਪਣੇ ਸਰੋਤਾਂ ਰਾਹੀਂ ਮੁਫਤ ਟੀਕਾਕਰਣ ਪ੍ਰਦਾਨ ਕਰਨ ਦਾ ਕਦਮ ਚੁੱਕਦੇ ਹੋਏ ਆਪਣੀ ਵਚਨਬੱਧਤਾ ਨੂੰ ਪੂਰਾ ਕਰੇਗੀ।

23. ਪੰਜਾਬ ਦੇ ਲੋਕਾਂ ਦੀ ਤੰਦਰੁਸਤੀ ਲਈ ਨਰੋਆ ਵਾਤਾਵਰਣ ਮੁਹੱਈਆ ਕਰਾਉਣ ਦੇ ਆਪਣੇ ਯਤਨਾਂ ਸਦਕਾ, ਮੇਰੀ ਸਰਕਾਰ ਨੇ ਮਿਸ਼ਨ ਤੰਦਰੁਸਤ ਪੰਜਾਬ ਦਾ ਨਵੀਨੀਕਰਨ ਕਰਨ ਦਾ ਫੈਸਲਾ ਕੀਤਾ ਹੈ, ਜਿਸਦਾ ਉਦੇਸ਼ ਰਾਜ ਵਿੱਚ ਸਾਫ਼ ਹਵਾ, ਪੀਣ ਯੋਗ ਪਾਣੀ ਅਤੇ ਮਿਲਾਵਟ ਰਹਿਤ ਭੋਜਨ ਨੂੰ ਯਕੀਨੀ ਬਣਾਉਣਾ ਹੈ। ਇਸ ਤੋਂ ਬਾਅਦ ਰਾਜ ਦਾ ਵਾਤਾਵਰਣ ਵਿਭਾਗ ਮਿਸ਼ਨ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ 10 ਉਪ-ਮਿਸ਼ਨਾਂ ਨੂੰ ਲਾਗੂ ਅਤੇ ਇਨ੍ਹਾਂ ਦੀ ਨਿਗਰਾਨੀ ਕਰੇਗਾ। ਇਹ ਹਨ: ਨਰੋਈ ਮਿੱਟੀ, ਸੁਰਖਿਅਤ ਭੋਜਨ, ਰੋਕੂ ਸਿਹਤ ਸੰਭਾਲ, ਗ੍ਰੀਨ ਪੰਜਾਬ, ਸੜਕ ਸੁਰੱਖਿਆ, ਖੇਡੋ ਪੰਜਾਬ, ਸਾਫ਼ ਪਾਣੀ, ਸਾਫ਼ ਹਵਾ, ਕੂੜਾ ਪ੍ਰਬੰਧਨ ਅਤੇ ਝੋਨਾ ਪਰਾਲੀ ਪ੍ਰਬੰਧਨ।

24. ਹਾਲਾਂਕਿ ਕੋਵਿਡ-19 ਮੌਜੂਦਾ ਸਮੇਂ ਨਿਯੰਤਰਣ ਅਧੀਨ ਹੈ, ਪਰ ਕਿਸਾਨ ਅੰਦੋਲਨ ਅਤੇ ਕਿਸਾਨੀ ਭਾਈਚਾਰਿਆਂ 'ਤੇ ਇਸ ਦੇ ਨਤੀਜੇ ਆਮ ਲੋਕਾਂ ਲਈ ਚਿੰਤਾ ਦਾ ਵੱਡਾ ਵਿਸ਼ਾ ਹੈ। ਰਾਜ ਦੇ ਕਿਸਾਨ ਮਹਿਸੂਸ ਕਰਦੇ ਹਨ ਕਿ ਭਾਰਤ ਸਰਕਾਰ ਦੁਆਰਾ ਲਾਗੂ ਕੀਤੇ ਗਏ ਤਿੰਨ ਨਵੇਂ ਖੇਤੀ ਕਾਨੂੰਨ ਭਾਵ (ੳ) ਕਿਸਾਨ ਉਤਪਾਦ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਰਲੀਕਰਨ) ਐਕਟ, 2020; (ਅ) ਕਿਸਾਨ (ਅਧਿਕਾਰਤਾ ਅਤੇ ਸੁਰੱਖਿਆ) ਮੁੱਲ ਭਰੋਸਾ ਅਤੇ ਖੇਤੀ ਸੇਵਾਵਾਂ ਐਕਟ, 2020; ਅਤੇ (ੲ) ਜ਼ਰੂਰੀ ਵਸਤਾਂ (ਤਰਮੀਮ) ਐਕਟ, 2020 ਉਤਪਾਦਕਤਾ ਨੂੰ ਪਰਿਪੂਰਨ ਕਰਨ ਦੇ ਨਤੀਜੇ ਵਜੋਂ ਸਥਿਰ ਆਮਦਨੀ ਦੀਆਂ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਹੱਲ ਨਹੀਂ ਕਰਦੇ। ਉਨ੍ਹਾਂ ਨੂੰ ਖਦਸ਼ਾ ਹੈ ਕਿ ਇਹ ਕਾਨੂੰਨ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟ ਐਕਟ, 1961 ਅਧੀਨ ਸਥਾਪਤ ਲੰਮੇ ਸਮੇਂ ਤੋਂ ਪਰਖੀਆਂ ਹੋਈਆਂ ਖੇਤੀਬਾੜੀ ਮਾਰਕੀਟਿੰਗ ਪ੍ਰਣਾਲੀਆਂ ਨੂੰ ਭੰਗ ਕਰ ਦੇਣਗੇ।

ਉਨ੍ਹਾਂ ਨੂੰ ਘੱਟੋ ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਤੇ ਅਨਾਜ ਦੀ ਸਰਕਾਰੀ ਖਰੀਦ ਨੂੰ ਖਤਮ ਕਰਨ ਬਾਰੇ ਵੀ ਖ਼ਦਸ਼ਾ ਹੈ।

25. ਮੇਰੀ ਸਰਕਾਰ ਨੇ ਕਿਸਾਨਾਂ ਦੀਆਂ ਇਨ੍ਹਾਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਹੈ। ਰਾਜ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਨਾਲ ਹੀ ਕਿਸਾਨ ਯੂਨੀਅਨਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ, ਇਸ ਅਜ਼ੀਮ ਸਦਨ ਨੇ 28 ਅਗਸਤ 2020 ਅਤੇ 19 ਅਕਤੂਬਰ 2020 ਨੂੰ ਦੋ ਵਾਰ ਮਤੇ ਪਾਸ ਕੀਤੇ ਹਨ, ਅਤੇ ਭਾਰਤ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲੈਣ ਅਤੇ ਮੌਜੂਦਾ ਐੱਮ.ਐੱਸ.ਪੀ. ਪ੍ਰਣਾਲੀ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ ਹੈ।

26. ਇਸ ਅਜ਼ੀਮ ਸਦਨ ਨੇ ਕੇਂਦਰੀ ਕਾਨੂੰਨਾਂ ਦੇ ਸੰਭਾਵਿਤ ਮਾੜੇ ਪ੍ਰਭਾਵਾਂ ਨੂੰ ਘਟਾਉਣ ਲਈ ਤਿੰਨ ਸੋਧ ਕਾਨੂੰਨ, ਅਰਥਾਤ (ੳ) ਕਿਸਾਨ ਉਤਪਾਦ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਰਲੀਕਰਨ) (ਵਿਸ਼ੇਸ਼ ਉਪਬੰਧ ਅਤੇ ਪੰਜਾਬ ਤਰਮੀਮ) ਬਿੱਲ 2020; (ਅ) ਕਿਸਾਨ (ਅਧਿਕਾਰਤਾ ਅਤੇ ਸੁਰੱਖਿਆ) ਮੁੱਲ ਭਰੋਸਾ ਅਤੇ ਖੇਤੀ ਸੇਵਾਵਾਂ ਸਮਝੌਤਾ (ਵਿਸ਼ੇਸ਼ ਉਪਬੰਧ ਅਤੇ ਪੰਜਾਬ ਤਰਮੀਮ) ਬਿੱਲ, 2020; ਅਤੇ (ੲ) ਜ਼ਰੂਰੀ ਵਸਤਾਂ (ਵਿਸ਼ੇਸ਼ ਉਪਬੰਧ ਅਤੇ ਪੰਜਾਬ ਤਰਮੀਮ) ਬਿੱਲ 2020, ਵੀ ਪਾਸ ਕੀਤੇ। ਇਹ ਕਾਨੂੰਨ ਸੰਵਿਧਾਨ ਦੀ ਧਾਰਾ 254 ਅਧੀਨ ਰਾਸ਼ਟਰਪਤੀ ਦੀ ਸਹਿਮਤੀ ਲਈ ਵਿਚਾਰ ਅਧੀਨ ਹਨ।

27. ਮੇਰੀ ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਇਨ੍ਹਾਂ ਤਿੰਨ ਕੇਂਦਰੀ ਕਾਨੂੰਨਾਂ ਦਾ ਲਾਗੂ ਹੋਣਾ ਸਹਿਕਾਰੀ ਸੰਘਵਾਦ ਦੇ ਸਿਧਾਂਤਾਂ ਦੇ ਵਿਰੁੱਧ ਹੈ ਕਿਉਂਕਿ ਸੰਵਿਧਾਨ ਦੀ ਅਨੁਸੂਚੀ 7 ਦੀ ਸੂਚੀ ਜਜ ਦੇ ਇੰਦਰਾਜ 14 ਅਧੀਨ ਖੇਤੀਬਾੜੀ ਰਾਜ ਦਾ ਵਿਸ਼ਾ ਹੈ। ਰਾਜ ਦੇ ਮੁੱਖ ਮੰਤਰੀ ਨੇ ਵਾਰ-ਵਾਰ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ, ਕਿਸਾਨਾਂ ਦੀ ਮੰਗ ਨੂੰ ਮੰਨਣ ਅਤੇ ਇਨ੍ਹਾਂ ਨਵੇਂ ਕੇਂਦਰੀ ਕਾਨੂੰਨਾਂ ਨੂੰ ਵਾਪਸ ਲੈਣ।

28. ਮੇਰੀ ਸਰਕਾਰ ਦੀ ਵਚਨਬੱਧਤਾ ਦੀ ਪਾਲਣਾ ਕਰਦੇ ਹੋਏ, ਇਸ ਸਦਨ ਨੇ ਇਕ ਹੋਰ ਸੋਧ ਕਾਨੂੰਨ ਵੀ ਪਾਸ ਕੀਤਾ ਸੀ ਜਿਸਦਾ ਸਿਰਲੇਖ ਸੀ "ਕੋਡ ਆਫ਼ ਸਿਵਲ

ਪਰੋਸੀਜ਼ਰ (ਪੰਜਾਬ ਤਰਮੀਮ) ਬਿੱਲ, 2020" ਜਿਸ ਦੇ ਤਹਿਤ 2.5 ਏਕੜ ਤੱਕ ਖੇਤੀਬਾੜੀ ਵਾਲੀ ਜ਼ਮੀਨ ਨੂੰ ਕੁਰਕੀ ਮੁਕਤ ਰੱਖਿਆ ਜਾਵੇਗਾ, ਤਾਂ ਜੋ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਇਹ ਕਾਨੂੰਨ ਵੀ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦੀ ਸਹਿਮਤੀ ਲਈ ਵਿਚਾਰ ਅਧੀਨ ਹੈ।

29. ਸਤਿਕਾਰਯੋਗ ਮੈਂਬਰ ਸਾਹਿਬਾਨ, ਮੇਰੀ ਸਰਕਾਰ ਰਾਜ ਦੇ ਕਿਸਾਨਾਂ ਦੀਆਂ ਚਿੰਤਾਵਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ ਕਿਉਂ ਜੋ ਉਹ ਰਾਜ ਦੀ ਆਰਥਿਕਤਾ ਦਾ ਧੁਰਾ ਹਨ। ਅਸੀਂ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿਆਂਗੇ। ਸਰਕਾਰ ਕਿਸਾਨਾਂ ਨੂੰ ਬਿਜਲੀ ਦੀ ਮੁਫਤ ਸਪਲਾਈ ਜਾਰੀ ਰੱਖਣ ਲਈ ਸਪਸ਼ੱਟ ਰੂਪ ਨਾਲ ਵਚਨਬੱਧ ਹੈ।

30. ਪਿਛਲੇ ਚਾਰ ਸਾਲਾਂ ਦੌਰਾਨ, ਮੇਰੀ ਸਰਕਾਰ ਨੇ ਪਿਛਲੇ ਅੱਠ ਫਸਲੀ ਚੱਕਰਾਂ ਵਿਚ ਕਿਸਾਨਾਂ ਦੁਆਰਾ ਉਤਪਾਦਤ ਕੀਤਾ ਦਾਣਾ-ਦਾਣਾ ਚੁੱਕਿਆ ਹੈ। ਕੁੱਲ ਮਿਲਾ ਕੇ, ਪਿਛਲੇ ਚਾਰ ਸਾਲਾਂ ਵਿੱਚ ਕਿਸਾਨਾਂ ਨੂੰ 2.17 ਲੱਖ ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ, ਜੋ ਕਿ ਸਾਲ 2013-14 ਤੋਂ 2016-17 ਦੇ ਪੂਰਬਲੇ ਚਾਰ ਸਾਲਾਂ ਦੌਰਾਨ ਕਿਸਾਨਾਂ ਨੂੰ ਕੀਤੀ ਗਈ ਅਦਾਇਗੀ ਤੋਂ ਤਕਰੀਬਨ 90 ਹਜ਼ਾਰ ਕਰੋੜ ਰੁਪਏ ਜ਼ਿਆਦਾ ਹੈ।

31. ਸਾਲ 2020-21 ਦੌਰਾਨ, ਕੋਵਿਡ-19 ਕਾਰਨ ਦਰਪੇਸ਼ ਚੁਣੌਤੀਆਂ ਦੇ ਬਾਵਜੂਦ, ਮੇਰੀ ਸਰਕਾਰ ਨੇ ਅਨਾਜ ਦੀ ਸੁਰੱਖਿਅਤ, ਨਿਰਵਿਘਨ ਅਤੇ ਪਰੇਸ਼ਾਨੀ ਰਹਿਤ ਖਰੀਦ ਨੂੰ ਯਕੀਨੀ ਬਣਾਇਆ। ਖਰੀਦ ਕੇਂਦਰਾਂ ਦੀ ਗਿਣਤੀ 1800 ਤੋਂ ਵਧਾ ਕੇ 4000 ਕਰ ਦਿੱਤੀ ਗਈ, ਕਿਸਾਨਾਂ ਨੂੰ ਈ-ਪਾਸ ਜਾਰੀ ਕੀਤੇ ਗਏ, ਅਤੇ ਸਾਰੇ ਲੋੜੀਂਦੇ ਕੋਵਿਡ-19 ਸੁਰੱਖਿਆ ਉਪਾਅ ਕੀਤੇ ਗਏ।

32. ਜਨਤਕ ਵੰਡ ਪ੍ਰਣਾਲੀ ਤਹਿਤ ਅਨਾਜ ਦੀ ਨਿਰਪੱਖ ਅਤੇ ਸਹੀ ਵੰਡ ਲਈ, ਮੇਰੀ ਸਰਕਾਰ ਨੇ ਰਾਜ ਵਿੱਚ ਸਮਾਰਟ ਰਾਸ਼ਨ ਕਾਰਡ ਸ਼ੁਰੂ ਕੀਤੇ ਹਨ, ਅਤੇ ਹੁਣ ਤੱਕ 38.29 ਲੱਖ ਪਾਤਰ ਪਰਿਵਾਰਾਂ ਨੂੰ ਸਮਾਰਟ ਰਾਸ਼ਨ ਕਾਰਡ ਜਾਰੀ ਕੀਤੇ ਜਾ ਚੁਕੇ ਹਨ। ਰਾਜ ਦੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੇ ਰਾਜ ਵਿਚ ਰਾਸ਼ਨ

ਵੰਡਣ ਲਈ ਅੰਤਰ-ਰਾਜ ਪੋਰਟੇਬਿਲਟੀ ਸ਼ੁਰੂ ਕੀਤੀ ਹੈ, ਜਿਸ ਨਾਲ ਐਨ.ਐੱਫ.ਐੱਸ.ਏ. ਲਾਭਪਾਤਰੀਆਂ ਨੂੰ ਰਾਜ ਵਿਚ ਕਿਸੇ ਵੀ ਫ਼ੇਅਰ ਪ੍ਰਾਈਸ ਸ਼ਾੱਪ ਤੋਂ ਆਪਣੇ ਲਾਭ ਪ੍ਰਾਪਤ ਕਰਨ ਦੇ ਯੋਗ ਬਣਾਇਆ ਗਿਆ ਹੈ। ਵਾਜਬ ਕੀਮਤ ਵਾਲੀਆਂ ਦੁਕਾਨਾਂ (ਫ਼ੇਅਰ ਪ੍ਰਾਈਸ ਸ਼ਾੱਪ) ਦੀ ਗਿਣਤੀ ਵਿੱਚ ਵੀ 1004 ਦੁਕਾਨਾਂ ਦਾ ਵਾਧਾ ਕੀਤਾ ਗਿਆ ਹੈ।

33. ਮੇਰੀ ਸਰਕਾਰ ਨੇ ਹਾਲ ਹੀ ਵਿੱਚ ਮਨਜ਼ੂਰਸ਼ੁਦਾ ਰਾਜ-ਸਪਾਂਸਰਡ ਸਮਾਰਟ ਰਾਸ਼ਨ ਕਾਰਡ ਸਕੀਮ ਤਹਿਤ ਲੋਕਾਂ ਨੂੰ ਲਾਭ ਦੇਣ ਲਈ 9.5 ਲੱਖ ਲਾਭਪਾਤਰੀਆਂ ਦੀ ਪਛਾਣ ਦੀ ਪ੍ਰਕਿਰਿਆ ਵੀ ਆਰੰਭ ਕੀਤੀ ਹੈ, ਜਿਨ੍ਹਾਂ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 (ਐੱਨ.ਐੱਫ.ਐੱਸ.ਏ.) ਦੇ ਅਧੀਨ ਸ਼ਾਮਲ ਨਹੀਂ ਕੀਤਾ ਜਾ ਸਕਿਆ ਸੀ। 1.47 ਕਰੋੜ ਲਾਭਪਾਤਰੀਆਂ ਨੂੰ ਐੱਨ.ਐੱਫ.ਐੱਸ.ਏ ਅਧੀਨ ਸਬਸਿਡੀ ਯੁਕਤ ਅਨਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ।

34. ਆਪਣੀ ਵਚਨਬੱਧਤਾ ਪ੍ਰਤੀ ਦ੍ਰਿੜਤਾ, ਅਤੇ ਵਿੱਤੀ ਰੁਕਾਵਟਾਂ ਦੇ ਬਾਵਜੂਦ, ਮੇਰੀ ਸਰਕਾਰ ਨੇ 4625 ਕਰੋੜ ਰੁਪਏ ਦੀ ਕੁੱਲ ਰਾਹਤ ਦੇ ਨਾਲ 5.64 ਲੱਖ ਛੋਟੇ ਅਤੇ ਹਾਸ਼ੀਆਗ੍ਰਸਤ ਕਿਸਾਨਾਂ ਨੂੰ 2 ਲੱਖ ਰੁਪਏ ਤੱਕ ਦੀ ਕਰਜ਼ਾ ਰਾਹਤ ਪ੍ਰਦਾਨ ਕੀਤੀ। ਇਹ ਆਉਣ ਵਾਲੇ ਵਿੱਤੀ ਸਾਲ, ਭਾਵ 2021-22 ਦੌਰਾਨ ਯੋਗ ਪਾਏ ਗਏ ਬਾਕੀ 1.13 ਲੱਖ ਕਿਸਾਨਾਂ ਨੂੰ ਮੌਜੂਦਾ ਕਰਜ਼ਾ ਰਾਹਤ ਸਕੀਮ ਦਾ ਲਾਭ ਪ੍ਰਦਾਨ ਕਰਨ ਲਈ ਵੀ ਵਚਨਬੱਧ ਹੈ।

35. ਮੇਰੀ ਸਰਕਾਰ ਨੇ ਸਾਲ 2019 ਵਿੱਚ ਪੀ.ਏ.ਸੀ.ਐੱਸ. ਖੇਤ ਮਜ਼ਦੂਰਾਂ ਅਤੇ ਭੂਮੀ-ਰਹਿਤ ਫ਼ਾਰਮਿੰਗ ਮੈਂਬਰਾਂ ਲਈ "ਕਰਜ਼ਾ ਰਾਹਤ ਸਕੀਮ" ਅਧਿਸੂਚਿਤ ਕੀਤੀ ਸੀ। ਇਸ ਯੋਜਨਾ ਤਹਿਤ ਕੁੱਲ 2.85 ਲੱਖ ਭੂਮੀ-ਰਹਿਤ ਮਜ਼ਦੂਰਾਂ ਨੂੰ ਸਾਲ 2021-22 ਦੇ ਦੌਰਾਨ 520 ਕਰੋੜ ਰੁਪਏ ਦੀ ਕਰਜ਼ਾ ਰਾਹਤ ਪ੍ਰਦਾਨ ਕੀਤੀ ਜਾਵੇਗੀ।

36. ਮੇਰੀ ਸਰਕਾਰ ਦੀ ਰਹਿਨੁਮਾਈ ਹੇਠ, ਪੰਜਾਬ ਰਾਜ ਸਹਿਕਾਰੀ ਬੈਂਕ ਨੇ ਕਰਜ਼ਾ ਲੈਣ ਵਾਲੇ ਉਨ੍ਹਾਂ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਡੈਬਟ ਸੈਟਲਮੈਂਟ ਸਕੀਮ

2020 ਅਰੰਭ ਕੀਤੀ ਹੈ, ਜੋ ਸਮੇਂ ਸਿਰ ਆਪਣਾ ਬਕਾਇਆ ਵਾਪਸ ਨਹੀਂ ਕਰ ਸਕੇ ਹਨ। ਇਸ ਯੋਜਨਾ ਦੇ ਤਹਿਤ, ਉਧਾਰ ਲੈਣ ਵਾਲੇ 50 ਹਜ਼ਾਰ ਤੋਂ ਵੱਧ ਵਿਅਕਤੀ 500 ਕਰੋੜ ਰੁਪਏ ਦੇ ਆਪਣੇ ਬਕਾਇਆ ਕਰਜ਼ੇ ਦੀ ਰਾਸ਼ੀ ਦਾ ਨਿਪਟਾਰਾ ਕਰਨ ਦੇ ਯੋਗ ਹਨ। ਇਸੇ ਤਰ੍ਹਾਂ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਨੇ ਕਰਜ਼ਾ ਨਾ ਮੋੜਨ ਵਾਲਿਆਂ ਲਈ ਕਰਜ਼ਾ ਪੁਨਰਗਠਨ ਸਕੀਮ ਦੀ ਸ਼ੁਰੂਆਤ ਕੀਤੀ ਹੈ ਤਾਂ ਜੋ ਉਹ ਕਰਜ਼ੇ ਦੀ ਅਦਾਇਗੀ ਅਸਾਨ ਕਿਸ਼ਤਾਂ ਵਿੱਚ ਕਰ ਸਕਣ, ਜਿਸ ਨਾਲ 10,000 ਤੋਂ ਵੱਧ ਕਿਸਾਨਾਂ ਨੂੰ ਲਾਭ ਪਹੁੰਚਾਇਆ ਜਾ ਸਕੇ।

37. ਖਾਦਾਂ ਦੀ ਸਹੀ ਵਰਤੋਂ ਬਾਰੇ ਉਤਸ਼ਾਹਤ ਕਰਨ ਲਈ ਮਿੱਟੀ ਦੀ ਜਾਂਚ ਤੋਂ ਬਾਅਦ 24.30 ਲੱਖ ਮਿੱਟੀ ਗੁਣਵੱਤਾ ਕਾਰਡ ਕਿਸਾਨਾਂ ਨੂੰ ਵੰਡੇ ਗਏ ਹਨ। ਪਿੰਡ-ਵਾਰ "ਮਿੱਟੀ ਦੇ ਨਕਸ਼ੇ" ਤਿਆਰ ਕੀਤੇ ਗਏ ਹਨ ਅਤੇ ਰਾਜ ਦੇ ਹਰ ਪਿੰਡ ਵਿੱਚ ਪ੍ਰਦਰਸ਼ਿਤ ਕੀਤੇ ਗਏ ਹਨ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਿੱਟੀ ਦੀ ਸਿਹਤ ਦੀ ਪੌਸ਼ਟਿਕ ਸਥਿਤੀ ਤੋਂ ਜਾਣੂ ਕਰਵਾਇਆ ਜਾ ਸਕੇ।

38. ਟਿਕਾਊ ਖੇਤੀਬਾੜੀ ਅਤੇ ਕਿਸਾਨਾਂ ਦੀ ਖੁਸ਼ਹਾਲੀ ਦੇ ਵਿਕਾਸ ਦੀ ਸਹੂਲਤ ਲਈ, ਮੇਰੀ ਸਰਕਾਰ ਨੇ ਕੇਂਦਰ ਸਰਕਾਰ ਦੀ ਨੀਤੀ ਨੂੰ ਪੂਰਾ ਕਰਨ ਲਈ ਆਪਣੀ "ਕਿਸਾਨ ਉਤਪਾਦਕ ਸੰਸਥਾਵਾਂ ਨੀਤੀ" ਅਧਿਸੂਚਿਤ ਕੀਤੀ ਹੈ। ਕੇਂਦਰ ਸਰਕਾਰ ਦੀ "ਖੇਤੀਬਾੜੀ ਬੁਨਿਆਦੀ ਢਾਂਚਾ ਫੰਡ" ਯੋਜਨਾ ਨੂੰ ਵੱਖ-ਵੱਖ ਯੋਜਨਾਵਾਂ ਨਾਲ ਜੋੜਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਵਾਧੂ ਵਿੱਤੀ ਸਹਾਇਤਾ ਦਿੱਤੀ ਜਾ ਸਕੇ।

39. ਖੇਤੀ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ, ਮੇਰੀ ਸਰਕਾਰ ਨੇ ਇੰਡੋ-ਡੱਚ ਸਹਿਯੋਗ ਪ੍ਰਾਜੈਕਟ ਤਹਿਤ ਜਲੰਧਰ ਜ਼ਿਲ੍ਹੇ ਦੇ ਪਿੰਡ ਧੋਗੜੀ ਵਿਖੇ ਆਲੂਆਂ ਦਾ ਇਕ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕੀਤਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਅੰਮ੍ਰਿਤਸਰ ਦੇ ਵੇਰਕਾ ਵਿਖੇ ਇਕ ਨਾਸ਼ਪਾਤੀ ਅਸਟੇਟ ਅਤੇ ਜ਼ਿਲ੍ਹਾ ਪਠਾਨਕੋਟ ਦੇ ਸੁਜਾਨਪੁਰ ਵਿਖੇ ਇਕ ਲੀਚੀ ਅਸਟੇਟ ਸਥਾਪਤ ਕੀਤੀ ਜਾ ਰਹੀ ਹੈ।

40. ਪੰਜਾਬ ਨੂੰ ਆਲੂ ਬੀਜ ਦੇ ਕੇਂਦਰ ਵਜੋਂ ਵਿਕਸਤ ਕਰਨ ਲਈ, ਪੰਜਾਬ ਟਿਸ਼ੂ

ਕਲਚਰ ਬੇਸਡ ਸੀਡ ਪਟੈਟੋ ਐਕਟ, 2020 ਲਾਗੂ ਕੀਤਾ ਗਿਆ ਸੀ ਤਾਂ ਜੋ ਮਿਆਰੀ ਆਲੂ ਬੀਜ ਉਤਪਾਦਨ ਨੂੰ ਉਤਸ਼ਾਹਤ ਕੀਤਾ ਜਾ ਸਕੇ। ਇਹ ਏਰੋਪੋਨਿਕਸ, ਨੈੱਟ ਹਾਊਸਿਜ਼ ਆਦਿ ਦੀ ਵਰਤੋਂ ਕਰਦਿਆਂ ਆਧੁਨਿਕ ਟਿਸ਼ੂ ਕਲਚਰ ਤਕਨਾਲੋਜੀ ਰਾਹੀਂ ਆਲੂ ਦੇ ਬੀਜ ਨੂੰ ਤੇਜ਼ੀ ਨਾਲ ਵਧਾਉਣ ਵਿੱਚ ਸਹਾਈ ਹੋਵੇਗਾ।

41. ਸਹਾਇਕ ਕਿੱਤਿਆਂ ਨੂੰ ਵਿਕਸਤ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ, ਮੇਰੀ ਸਰਕਾਰ ਨੇ ਰਾਸ਼ਟਰੀ ਗੋਕੁਲ ਮਿਸ਼ਨ ਦੇ ਤਹਿਤ ਐੱਚ.ਐੱਫ. ਬਲਦਾਂ ਦੀ ਦਰਾਮਦ ਕੀਤੀ ਹੈ। ਵੀਰਜ ਦਾ ਉਤਪਾਦਨ 24 ਮਹੀਨਿਆਂ ਦੇ ਅੰਦਰ-ਅੰਦਰ ਸ਼ੁਰੂ ਹੋਣ ਦੀ ਉਮੀਦ ਹੈ ਅਤੇ ਪਹਿਲੇ ਸਾਲ ਦੌਰਾਨ, ਲਗਭਗ 8000-10,000 ਦੇ ਵੀਰਜ ਪਾਈਪਾਂ (ਸਟ੍ਰਾਅ) ਦਾ ਉਤਪਾਦਨ ਹੋਣ ਦੀ ਉਮੀਦ ਹੈ। ਇਸ ਦੇ ਨਤੀਜੇ ਵਜੋਂ, ਵਿਦੇਸ਼ੀ ਜਰਮਪਲਾਜ਼ਮ ਨੂੰ ਸਥਾਨਕ ਜੀਨ ਪੂਲ ਵਿੱਚ ਦਾਖਲ ਕੀਤਾ ਜਾਵੇਗਾ, ਜਿਸ ਦੇ ਫ਼ਲਸਰੂਪ ਨਸਲ ਦੀ ਜੈਨੇਟਿਕ ਸਮਰੱਥਾ ਵਿੱਚ ਉੱਚ ਪੱਧਰ ਦਾ ਵਾਧਾ ਹੋਵੇਗਾ।

42. ਮੇਰੀ ਸਰਕਾਰ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਬੂਹ ਵਿਖੇ ਇੱਕ "ਰਿਜਨਲ ਰਿਸਰਚ ਐਂਡ ਟ੍ਰੇਨਿੰਗ ਸੈਂਟਰ ਫ਼ਾੱਰ ਬੁਫ਼ੈਲੋਜ਼" ਸਥਾਪਤ ਕਰ ਰਹੀ ਹੈ, ਜਿਸਦੀ ਕੁੱਲ ਲਾਗਤ 20 ਕਰੋੜ ਰੁਪਏ ਹੈ। ਇਸ ਦਾ ਉਦੇਸ਼ ਜੈਨੇਟਿਕ ਸੁਧਾਰ ਦੁਆਰਾ ਮੱਝਾਂ ਦੀਆਂ ਨਸਲਾਂ ਨੂੰ ਬਿਹਤਰ ਬਣਾਉਣਾ ਅਤੇ ਰਾਜ ਵਿੱਚ ਮੱਝਾਂ ਦਾ ਇੱਕ ਵਿਸ਼ੇਸ਼ ਇੱਜੜ ਸਥਾਪਤ ਕਰਨਾ ਹੈ।

43. ਮੇਰੀ ਸਰਕਾਰ 32 ਕਰੋੜ ਰੁਪਏ ਦੇ ਨਿਵੇਸ਼ ਨਾਲ ਡਬਲਯੂ.ਐੱਚ.ਓ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਵੈਟਰਨਰੀ ਵੈਕਸੀਨ ਇੰਸਟੀਚਿਊਟ (ਪੀ.ਵੀ.ਵੀ.ਆਈ.), ਲੁਧਿਆਣਾ ਨੂੰ ਜੀ.ਐੱਮ.ਪੀ. ਮਾਪਦੰਡਾਂ ਅਨੁਸਾਰ ਅਪਗ੍ਰੇਡ ਕਰ ਰਹੀ ਹੈ। ਇਸ ਨਾਲ ਰਾਜ ਵਿੱਚ ਪਸ਼ੂਆਂ ਦੀਆਂ ਬਿਮਾਰੀਆਂ ਨੂੰ ਰੋਕਣ ਲਈ ਵੱਖ ਵੱਖ ਕਿਸਮਾਂ ਦੇ ਟੀਕਿਆਂ ਦੇ ਉਤਪਾਦਨ ਦੀ ਸਹੂਲਤ ਮਿਲੇਗੀ। ਪੀਵੀਵੀਆਈ, ਲੁਧਿਆਣਾ ਨੇ ਸੈੱਲ ਕਲਚਰ ਕਲਾਸਿਕ ਸਵਾਈਨ ਫੀਵਰ ਟੀਕੇ ਦਾ ਉਤਪਾਦਨ ਨਵੀਂ ਤਕਨੀਕ

ਨਾਲ ਸ਼ੁਰੂ ਕੀਤਾ ਹੈ। ਇਸ ਤਰ੍ਹਾਂ ਪੰਜਾਬ ਇਸ ਟੀਕੇ ਦਾ ਉਤਪਾਦਨ ਕਰਨ ਵਾਲਾ ਦੇਸ਼ ਦਾ ਪਹਿਲਾ ਰਾਜ ਬਣ ਗਿਆ ਹੈ।

44. ਮੇਰੀ ਸਰਕਾਰ ਬੱਸੀ ਪਠਾਣਾ ਵਿਖੇ ਇੱਕ ਮੈਗਾ ਡੇਅਰੀ ਪ੍ਰੋਜੈਕਟ ਵੀ ਸਥਾਪਤ ਕਰ ਰਹੀ ਹੈ। ਪਹਿਲੇ ਪੜਾਅ ਵਿੱਚ, 2 ਲੱਖ ਲੀਟਰ ਪ੍ਰਤੀ ਦਿਨ (ਐੱਲ.ਐੱਲ.ਪੀ.ਡੀ) ਸਮਰੱਥਾ ਦਾ ਏਸੈਪਟਿਕ (ਕੀਟਾਣੂ ਰਹਿਤ) ਮਿਲਕ ਪ੍ਰੋਸੈਸਿੰਗ ਅਤੇ ਪੈਕਿੰਗ ਯੂਨਿਟ, 138 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਜਾ ਰਿਹਾ ਹੈ। ਇਹ ਪ੍ਰਾਜੈਕਟ ਜੂਨ 2021 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਪਹਿਲੇ ਪੜਾਅ ਦੇ ਮੁਕੰਮਲ ਹੋਣ ਤੋਂ ਬਾਅਦ, ਦੂਜੇ ਪੜਾਅ ਵਿੱਚ ਐਸੇਪਟਿਕ ਮਿਲਕ ਪ੍ਰੋਸੈਸਿੰਗ ਯੂਨਿਟ ਦੀ ਸਮਰੱਥਾ 5 ਐਲ.ਐਲ.ਪੀ.ਡੀ. ਹੋ ਜਾਵੇਗੀ।

45. ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ ਵੈਟਰਨਰੀ ਸਾਇੰਸ, ਲੁਧਿਆਣਾ ਵਿਖੇ 12.87 ਕਰੋੜ ਰੁਪਏ ਦੀ ਲਾਗਤ ਨਾਲ 25 ਹਜ਼ਾਰ ਐੱਲ.ਐੱਲ.ਪੀ.ਡੀ. ਦੀ ਸਮਰੱਥਾ ਵਾਲਾ ਅਤੇ 50 ਹਜ਼ਾਰ ਐੱਲ.ਐੱਲ.ਪੀ.ਡੀ. ਤੱਕ ਵਿਸਥਾਰਯੋਗ ਫਰਮੈਂਟਿਡ ਮਿਲਕ ਪ੍ਰੋਸੈਸਿੰਗ ਅਤੇ ਪੈਕੇਜਿੰਗ ਉਤਪਾਦ ਵਾਲਾ ਡੇਅਰੀ ਉਤਪਾਦ ਇਨੋਵੇਸ਼ਨ ਅਤੇ ਉਦਮੀ ਸਿਖਲਾਈ ਕੇਂਦਰ ਸਥਾਪਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਵੇਰਕਾ ਫਿਰੋਜ਼ਪੁਰ ਡੇਅਰੀ ਵਿਖੇ 13.6 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 1 ਐਲ.ਐਲ.ਪੀ.ਡੀ. ਦੀ ਸਮਰੱਥਾ ਵਾਲਾ ਇਕ ਨਵਾਂ ਲਿਕੁਇਡ ਮਿਲਕ ਪ੍ਰੋਸੈਸਿੰਗ ਅਤੇ ਪੈਕਜਿੰਗ ਯੂਨਿਟ ਸਥਾਪਤ ਕੀਤਾ ਜਾ ਰਿਹਾ ਹੈ। ਇਹ ਉਪਰਾਲੇ ਰਾਜ ਵਿਚ ਡੇਅਰੀ ਸੈਕਟਰ ਦੇ ਵਿਕਾਸ ਨੂੰ ਹੋਰ ਹੁਲਾਰਾ ਦੇਣਗੇ।

46. ਸਤਿਕਾਰਯੋਗ ਮੈਂਬਰ ਸਾਹਿਬਾਨ, ਮੇਰੀ ਸਰਕਾਰ ਨੇ ਮਾਰਚ 2017 ਤੋਂ ਤਕਰੀਬਨ ਚਾਰ ਸਾਲ ਪੂਰੇ ਕਰ ਲਏ ਹਨ। ਇਸ ਮਿਆਦ ਦੇ ਦੌਰਾਨ, ਇਸ ਨੇ 2017 ਦੀਆਂ ਚੋਣਾਂ ਦੌਰਾਨ ਕੀਤੇ ਆਪਣੇ ਜ਼ਿਆਦਾਤਰ ਵਾਅਦੇ ਪੂਰੇ ਕੀਤੇ ਹਨ। ਰਾਜ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ, ਨਿਵੇਸ਼ ਨੂੰ ਉਤਸ਼ਾਹਤ ਕੀਤਾ ਗਿਆ ਹੈ, ਕਾਨੂੰਨ ਵਿਵਸਥਾ ਅਤੇ ਸਮੁਦਾਇਕ ਸਦਭਾਵਨਾ ਨੂੰ ਪੂਰੀ ਤਰ੍ਹਾਂ ਯਕੀਨੀ ਬਣਾਇਆ ਗਿਆ ਹੈ, ਨਸ਼ਾਖੋਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਠੱਲ੍ਹ ਪਾਈ

ਗਈ ਹੈ, ਰਾਜ ਦੇ ਖੇਤਰੀ ਅਤੇ ਜਲ ਅਧਿਕਾਰਾਂ ਦੀ ਰਾਖੀ ਲਈ ਠੋਸ ਯਤਨ ਜਾਰੀ ਹਨ, ਇਸਤਰੀਆਂ ਦੀ ਅਧਿਕਾਰਤਾ, ਅਪਾਹਜ ਵਿਅਕਤੀਆਂ, ਅਨੁਸੂਚਿਤ ਜਾਤੀਆਂ ਅਤੇ ਹੋਰ ਘੱਟ ਗਿਣਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗ ਨਾਲ ਸਬੰਧਤ ਵਿਅਕਤੀਆਂ ਲਈ ਯਤਨਾਂ ਨੂੰ ਦੁਗਣਾ ਕਰ ਦਿੱਤਾ ਗਿਆ ਹੈ ਅਤੇ ਨਿਰਸੰਦੇਹ ਨੌਕਰੀਆਂ ਦੀ ਸਿਰਜਣਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਨੂੰ ਮੇਰੀ ਸਰਕਾਰ ਨੇ ਪਰਮ-ਅਗੇਤ ਦਿੱਤੀ ਹੈ।

47. ਮੇਰੀ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਨਤੀਜਿਆਂ ਨੂੰ ਹਾਲ ਹੀ ਵਿੱਚ ਖਤਮ ਹੋਈਆਂ ਨਗਰ ਨਿਗਮ ਚੋਣਾਂ ਵਿੱਚ ਸਾਡੇ ਨਾਗਰਿਕਾਂ ਦੁਆਰਾ ਵੱਡਾ ਸਮਰਥਨ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਗਈ ਹੈ। ਸੱਤਾਧਾਰੀ ਇੰਡੀਅਨ ਨੈਸ਼ਨਲ ਕਾਂਗਰਸ ਨੂੰ 117 ਯੂ.ਐੱਲ.ਬੀ. ਵਿਚ ਹੋਈਆਂ ਚੋਣਾਂ ਵਿਚੋਂ 86 ਸ਼ਹਿਰੀ ਸਥਾਨਕ ਸੰਸਥਾਵਾਂ (ਯੂ.ਐੱਲ.ਬੀ.) ਵਿਚ ਬਹੁਮਤ ਮਿਲਿਆ ਹੈ । ਰਾਜ ਪ੍ਰਸ਼ਾਸਨ ਅਤੇ ਪੰਜਾਬ ਦੇ ਲੋਕ ਸਾਡੇ ਦੇਸ਼ ਦੀਆਂ ਸਰਵਉੱਤਮ ਲੋਕਤੰਤਰੀ ਪਰੰਪਰਾਵਾਂ ਨੂੰ ਕਾਇਮ ਰੱਖਣ ਵਿੱਚ ਸ਼ਾਂਤਮਈ ਚੋਣਾਂ ਲਈ ਸ਼ਲਾਘਾ ਦੇ ਪਾਤਰ ਹਨ।

48. ਸਾਲ 2017-18 ਵਿੱਚ ਰਾਜ ਦਾ ਕੁੱਲ ਘਰੇਲੂ ਉਤਪਾਦ 4.28 ਲੱਖ ਕਰੋੜ ਰੁਪਏ ਸੀ ਜੋ ਸਾਲ 2018-19 ਵਿਚ 5.22 ਲੱਖ ਕਰੋੜ ਰੁਪਏ ਅਤੇ ਸਾਲ 2019- 20 ਵਿਚ 5.75 ਲੱਖ ਕਰੋੜ ਰੁਪਏ ਹੋ ਗਿਆ ਜੋ 23 ਫੀਸਦ ਦਾ ਵਾਧਾ ਦਰਸਾਉਂਦਾ ਹੈ। ਇਸੇ ਤਰ੍ਹਾਂ, ਰਾਜ ਦੀ ਪ੍ਰਤੀ ਵਿਅਕਤੀ ਆਮਦਨ ਸਾਲ 2018-19 ਵਿਚ 1,54,313 ਰੁਪਏ ਤੋਂ ਵਧ ਕੇ ਸਾਲ 2019-20 ਵਿਚ 1,66,830 ਰੁਪਏ ਹੋ ਗਈ ਜੋ ਕਿ 1,35, 050 ਰੁਪਏ ਦੀ ਰਾਸ਼ਟਰੀ ਔਸਤ ਨਾਲੋਂ 23.53 ਪ੍ਰਤੀਸ਼ਤ ਵੱਧ ਹੈ।

49. ਮੇਰੀ ਸਰਕਾਰ ਨੇ ਰਾਜ ਵਿਚ ਕਾਨੂੰਨ ਦਾ ਰਾਜ ਕਾਇਮ ਕੀਤਾ ਹੈ। ਇਸ ਨੇ ਬਿਨਾਂ ਕਿਸੇ ਭੇਦਭਾਵ ਦੇ ਸਾਰਿਆਂ ਦੇ ਸ਼ਾਂਤਮਈ ਢੰਗ ਨਾਲ ਇਕੱਠੇ ਰਹਿਣ ਲਈ ਇੱਕ ਸੁਖਾਵੇਂ ਮਾਹੌਲ ਨੂੰ ਯਕੀਨੀ ਬਣਾਇਆ ਹੈ। ਵਪਾਰ, ਕਾਰੋਬਾਰ, ਉਦਯੋਗ

ਅਤੇ ਖੇਤੀਬਾੜੀ ਭਾਵ ਅਰਥ ਵਿਵਸਥਾ ਦੇ ਸਾਰੇ ਖੇਤਰ, ਬਿਨਾਂ ਕਿਸੇ ਅਣ-ਉਚਿਤ ਬਾਹਰੀ ਦਖਲ ਦੇ ਇਕ ਸੁਰੱਖਿਅਤ ਅਤੇ ਸੁਖਾਵੇਂ ਮਾਹੌਲ ਵਿਚ ਪ੍ਰਫੁਲਤ ਹੋਣ ਦੇ ਯੋਗ ਹਨ।

50. ਨਸ਼ਿਆਂ ਦੀ ਰੋਕਥਾਮ ਦੀ ਆਪਣੀ ਵਚਨਬੱਧਤਾ ਦਾ ਪਾਲਣ ਕਰਦਿਆਂ, ਮੇਰੀ ਸਰਕਾਰ ਨੇ ਤਿੰਨ-ਪੱਖੀ ਰਣਨੀਤੀ ਅਪਣਾਈ ਸੀ। ਸਰਕਾਰ ਵੱਲੋਂ ਸਾਲ 2017 ਵਿਚ ਸਥਾਪਿਤ ਕੀਤੀ ਗਈ ਵਿਸ਼ੇਸ਼ ਟਾਸਕ ਫੋਰਸ ਰਾਜ ਵਿਚ ਨਸ਼ਿਆਂ ਦੀ ਸਪਲਾਈ ਰੋਕਣ ਵਿਚ ਸਫਲ ਰਹੀ ਹੈ। ਇਸਨੇ ਵਿਆਪਕ ਤੌਰ 'ਤੇ ਸ਼ਲਾਘੇ ਗਏ ਮੰਗ ਪ੍ਰਬੰਧਨ ਪ੍ਰੋਗਰਾਮਾਂ ਜਿਵੇਂ ਕਿ ਡਰੱਗ ਅਬਿਯੂਜ਼ ਪ੍ਰੀਵੈਂਸ਼ਨ ਆਫ਼ਿਸਰਜ਼ (ਡੀ.ਏ.ਪੀ.ਓ.) ਪ੍ਰੋਗਰਾਮ ਅਤੇ ਬੱਡੀ ਪ੍ਰੋਗਰਾਮ ਰਾਹੀਂ ਨਸ਼ਿਆਂ ਦੀ ਵੱਧ ਰਹੀ ਮੰਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਅਤੇ ਕਾਬੂ ਕੀਤਾ ਹੈ। ਪਿਛਲੇ ਚਾਰ ਸਾਲਾਂ ਦੌਰਾਨ 1785 ਕਿਲੋ ਹੈਰੋਇਨ ਬਰਾਮਦ ਕਰਨ ਤੋਂ ਇਲਾਵਾ, ਮੇਰੀ ਸਰਕਾਰ ਨੇ 53,161 ਨਸ਼ਾ ਤਸਕਰਾਂ ਅਤੇ ਡੀਲਰਾਂ ਨੂੰ ਕਾਬੂ ਕੀਤਾ ਹੈ। ਇਸ ਨੇ 10 ਲੱਖ ਤੋਂ ਵੱਧ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ 6.23 ਲੱਖ ਨਸ਼ਾਖੋਰੀ ਰੋਕਥਾਮ ਅਧਿਕਾਰੀ (ਡੀ.ਏ.ਪੀ.ਓ.) ਰਜਿਸਟਰ ਕੀਤੇ ਹਨ। ਇਨ੍ਹਾਂ ਵਿਚੋਂ 1.1 ਲੱਖ ਲੋਕ ਸਿੱਧੇ ਤੌਰ ਤੇ ਨਸ਼ਾਖੋਰੀ ਦੇ ਸ਼ਿਕਾਰ ਸਨ। ਮੇਰੀ ਸਰਕਾਰ ਨੇ ਲਗਭਗ 7.5 ਲੱਖ ਬੱਡੀ ਗਰੁੱਪ ਵੀ ਬਣਾਏ ਹਨ, ਜਿਨ੍ਹਾਂ ਦੀਆਂ ਗਤੀਵਿਧੀਆਂ ਇਸ ਸਾਲ ਮਹਾਂਮਾਰੀ ਕਾਰਨ ਰਾਜ ਵਿੱਚ ਵਿਦਿਅਕ ਸੰਸਥਾਵਾਂ ਦੇ ਬੰਦ ਹੋਣ ਕਾਰਨ ਸੀਮਤ ਰਹੀਆਂ।

51. ਨਸ਼ਾ ਕਰਨ ਵਾਲੇ ਵਿਅਕਤੀਆਂ ਦੇ ਇਲਾਜ ਲਈ, ਮੇਰੀ ਸਰਕਾਰ ਨੇ ਰਾਜ ਵਿੱਚ 35 ਸਰਕਾਰੀ ਅਤੇ 137 ਨਿੱਜੀ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਹਨ। ਇਸ ਤੋਂ ਇਲਾਵਾ, 199 ਸਰਕਾਰੀ ਓ.ਓ.ਏ.ਟੀ ਕਲੀਨਿਕ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਵਿਚ 6.3 ਲੱਖ ਤੋਂ ਵੱਧ ਲੋਕਾਂ ਨੇ ਆਊਟਡੋਰ ਇਲਾਜ਼ ਲਈ ਖੁਦ ਨੂੰ ਰਜਿਸਟਰ ਕੀਤਾ ਹੈ।

52. ਮੇਰੀ ਸਰਕਾਰ ਨੇ ਰਾਜ ਵਿਚ ਨਜਾਇਜ਼ ਸ਼ਰਾਬ ਦੀ ਸਮੱਸਿਆ ਨੂੰ ਰੋਕਣ ਲਈ

ਸਾਲ 2020-21 ਵਿਚ "ਆਪ੍ਰੇਸ਼ਨ ਰੈੱਡ ਰੋਜ਼" ਵੀ ਸ਼ੁਰੂ ਕੀਤਾ ਸੀ। ਹੁਣ ਤੱਕ 1545 ਐਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ, 1.43 ਲੱਖ ਲੀਟਰ ਤੋਂ ਵੱਧ ਨਾਜਾਇਜ਼ ਸ਼ਰਾਬ ਮਿਲੀ ਹੈ ਅਤੇ 12.3 ਲੱਖ ਕਿਲੋਗ੍ਰਾਮ ਲਾਹਨ ਬਰਾਮਦ ਕੀਤੀ ਗਈ ਅਤੇ ਨਸ਼ਟ ਕਰ ਦਿੱਤੀ ਗਈ।

53. ਮੇਰੀ ਸਰਕਾਰ ਨੇ, ਨਸ਼ੇ ਅਤੇ ਸ਼ਰਾਬ ਨਾਲ ਜੁੜੇ ਅਪਰਾਧਾਂ ਤੇ ਕਾਰਵਾਈ ਕਰਨ ਤੋਂ ਇਲਾਵਾ, ਰਾਜ ਵਿਚ ਸ਼ਾਂਤੀ ਅਤੇ ਸਦਭਾਵਨਾ ਨੂੰ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਹੋਰਨਾਂ ਅਪਰਾਧਾਂ ਨੂੰ ਵੀ ਰੋਕਿਆ ਹੈ। ਇਸ ਨੇ ਰਾਜ ਵਿਚ ਵੱਖ-ਵੱਖ ਅਪਰਾਧਿਕ ਗਿਰੋਹਾਂ ਦੇ 2687 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਨੂੰ ਅੱਗੇ ਲਈ ਬੇਅਸਰ ਕੀਤਾ ਹੈ। ਰਾਜ ਪੁਲਿਸ ਨੇ 37 ਅੱਤਵਾਦੀ ਗਿਰੋਹਾਂ ਦਾ ਪਰਦਾਫਾਸ਼ ਕੀਤਾ ਅਤੇ 221 ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸਰਕਾਰ ਉਨ੍ਹਾਂ ਸਾਰੀਆਂ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਅਤੇ ਕਿਸੇ ਧਰਮ ਦੀ ਬੇਅਦਬੀ ਦੀਆਂ ਸਾਰੀਆਂ ਘਟਨਾਵਾਂ ਨੂੰ ਨਿਆਂ ਵਿੱਚ ਲਿਆਉਣ ਲਈ ਬਣਦੀ ਕਾਨੂੰਨੀ ਕਾਰਵਾਈ ਕਰ ਰਹੀ ਹੈ ਅਤੇ ਇਸ ਤਰ੍ਹਾਂ ਦੇ ਜੁਰਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

54. ਇਸ ਅਜ਼ੀਮ ਸਦਨ ਦੇ ਮੈਂਬਰ ਸਾਹਿਬਾਨ ਜਾਣਦੇ ਹਨ ਕਿ ਇਸ ਤੋਂ ਪਹਿਲਾਂ ਕਦੇ ਵੀ ਰੁਜ਼ਗਾਰ ਸਿਰਜਣ ਵੱਲ ਅਜਿਹਾ ਧਿਆਨ ਨਹੀਂ ਦਿੱਤਾ ਗਿਆ ਜਿੰਨਾ ਇਸ ਮਹੱਤਵਪੂਰਨ ਪਰ ਅਣਗੌਲੇ ਕਾਰਜ ਤੇ ਮੇਰੀ ਸਰਕਾਰ ਨੇ ਦਿੱਤਾ ਹੈ। ਮਾਰਚ 2017 ਤੋਂ ਹੁਣ ਤੱਕ, 16 ਲੱਖ ਤੋਂ ਵੱਧ ਨੌਜਵਾਨਾਂ ਨੂੰ ਨਿੱਜੀ ਅਤੇ ਸਰਕਾਰੀ ਖੇਤਰਾਂ ਦੇ ਨਾਲ-ਨਾਲ ਸਵੈ-ਰੁਜ਼ਗਾਰ ਰਾਹੀਂ ਰੋਜ਼ਗਾਰ ਪ੍ਰਾਪਤ ਕਰਨ ਵਿੱਚ ਸਹਾਇਤਾ ਦਿੱਤੀ ਗਈ ਹੈ। ਇਨ੍ਹਾਂ ਵਿੱਚ ਲਗਭਗ 10 ਲੱਖ ਨੌਜਵਾਨਾਂ ਲਈ ਸਵੈ-ਰੁਜ਼ਗਾਰ; ਪ੍ਰਾਈਵੇਟ ਸੈਕਟਰ ਵਿਚ 5.7 ਲੱਖ ਨੌਕਰੀਆਂ; ਅਤੇ ਸਰਕਾਰ ਵਿਚ ਲਗਭਗ 60,000 ਨੌਕਰੀਆਂ ਸ਼ਾਮਲ ਹਨ । 22 ਜ਼ਿਲ੍ਹਾ ਬਿਊਰੋ ਆਫ ਇੰਪਲਾਇਮੈਂਟ ਐਂਡ ਐਂਟਰਪ੍ਰਾਈਜ਼ ਪੂਰੀ ਤਰ੍ਹਾਂ ਕੰਮ ਕਰ ਰਹੇ ਹਨ, ਅਤੇ ਨੌਜਵਾਨਾਂ ਨੂੰ ਢੁਕਵੀਂਆਂ ਨੌਕਰੀਆਂ ਲਈ ਸਹੂਲਤ ਦੇਣ ਅਤੇ ਸਿਖਿਅਤ ਕਰਨ ਦਾ ਕੰਮ ਪੁਰਜ਼ੋਰ ਢੰਗ ਨਾਲ

ਕਰ ਰਹੇ ਹਨ।

55. ਮਾਰਚ 2017 ਤੋਂ, ਮੇਰੀ ਸਰਕਾਰ ਨੇ ਹਰ ਰੋਜ਼ ਔਸਤਨ 1100 ਨੌਜਵਾਨਾਂ ਲਈ ਨੌਕਰੀਆਂ ਅਤੇ ਰੋਜ਼ਗਾਰ ਦੀ ਸਹੂਲਤ ਦਿੱਤੀ ਹੈ। ਇਸ ਤੋਂ ਇਲਾਵਾ, ਮੇਰੀ ਸਰਕਾਰ ਨੇ ਪਿਛਲੇ 4 ਸਾਲਾਂ ਦੌਰਾਨ ਮਨਰੇਗਾ ਤਹਿਤ 977 ਲੱਖ ਕਾਰਜੀ ਦਿਨ ਸਿਰਜਿਤ ਕੀਤੇ ਹਨ, ਜੋ ਕਿ 160 ਲੱਖ ਕਾਰਜੀ ਦਿਨ ਬਣਦੇ ਹਨ, ਜੋ ਪਿਛਲੇ ਸ਼ਾਸਨ-ਕਾਲ ਦੌਰਾਨ ਪ੍ਰਾਪਤ ਔਸਤ ਨਾਲੋਂ 190% ਜ਼ਿਆਦਾ ਹਨ।

56. ਟਰਾਂਸਪੋਰਟ ਸੈਕਟਰ ਵਿੱਚ ਪ੍ਰਤੀਯੋਗਤਾ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਮੱਦੇਨਜ਼ਰ, ਮੇਰੀ ਸਰਕਾਰ ਨੇ 7000 ਨਵੇਂ ਬੱਸ ਪਰਮਿਟ ਦੇਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਵਿੱਚੋਂ 3000 ਪਰਮਿਟ ਜਾਰੀ ਕੀਤੇ ਜਾ ਚੁੱਕੇ ਹਨ, ਅਤੇ ਬਾਕੀ 4000 ਪਰਮਿਟ ਇਸ ਸਾਲ ਦੇ ਦੌਰਾਨ ਦਿੱਤੇ ਜਾਣਗੇ।

57. ਨੌਜਵਾਨਾਂ ਦੀ ਸੰਤੁਸ਼ਟੀ ਲਈ ਰੁਜ਼ਗਾਰ ਸਿਰਜਣ ਅਤੇ ਉਪਲਬਧਤਾ ਨੂੰ ਉਦੋਂ ਤੱਕ ਨਹੀਂ ਵਧਾਇਆ ਜਾ ਸਕਦਾ ਜਦੋਂ ਤੱਕ ਰਾਜ ਵਿਚ ਉਦਯੋਗਿਕ ਨਿਵੇਸ਼ ਵਧਾਇਆ ਅਤੇ ਤੇਜ਼ ਨਹੀਂ ਕੀਤਾ ਜਾਂਦਾ। ਮਹਾਂਮਾਰੀ ਨੇ ਮੇਰੀ ਸਰਕਾਰ ਦੇ ਨਵੇਂ ਉਦਯੋਗਿਕ ਨਿਵੇਸ਼ਾਂ ਨੂੰ ਉਤਸ਼ਾਹਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਯਕੀਨਨ ਖਲਲ ਪਾਇਆ ਸੀ, ਪਰ ਰਾਜ ਨੂੰ ਫੇਰ ਵੀ ਲਗਭਗ 43000 ਵਿਅਕਤੀਆਂ ਨੂੰ ਸੰਭਾਵਿਤ ਰੁਜ਼ਗਾਰ ਦੇਣ ਵਾਲੇ ਲਗਭਗ 6300 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਨਾਲ 462 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ।

58. ਕੁਲ ਮਿਲਾ ਕੇ, ਮੇਰੀ ਸਰਕਾਰ ਨੂੰ ਅਪ੍ਰੈਲ 2017 ਤੋਂ ਜਨਵਰੀ 2021 ਤੱਕ ਦੇ ਲਗਭਗ 4 ਸਾਲਾਂ ਵਿੱਚ ਲਗਭਗ 2.82 ਲੱਖ ਦੀ ਰੁਜ਼ਗਾਰ ਦੀ ਸੰਭਾਵਨਾ ਵਾਲੇ ਲਗਭਗ 71,000 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਵਾਲੇ 1784 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ। ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ, ਨਿਰਮਾਣ, ਆਟੋਮੋਬਾਈਲ, ਸਿੱਖਿਆ, ਪੈਟ੍ਰੋ ਕੈਮੀਕਲ, ਰੀਅਲ ਅਸਟੇਟ, ਸੈਰ ਸਪਾਟਾ ਅਤੇ ਬੁਨਿਆਦੀ ਢਾਂਚੇ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਅਤੇ ਸੰਯੁਕਤ ਰਾਜ ਅਮਰੀਕਾ,

ਯੂਏਈ, ਜਾਪਾਨ, ਦੱਖਣੀ ਕੋਰੀਆ, ਜਰਮਨੀ, ਸਿੰਗਾਪੁਰ, ਫਰਾਂਸ, ਯੂਕੇ, ਨਿਊਜ਼ੀਲੈਂਡ, ਸਪੇਨ ਅਤੇ ਡੈਨਮਾਰਕ ਵਰਗੇ ਕਈ ਦੇਸ਼ਾਂ ਅਤੇ ਖੇਤਰਾਂ ਤੋਂ ਨਿਵੇਸ਼ ਪ੍ਰਾਪਤ ਹੋਇਆ ਹੈ। ਹਾਲ ਹੀ ਵਿੱਚ, ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ (ਇਨਵੇਸਟ ਪੰਜਾਬ) ਨੂੰ ਸਮੁੱਚੇ ਮਾਪਦੰਡਾਂ ਵਿੱਚ 100% ਅੰਕਾਂ ਨਾਲ ਭਾਰਤ ਸਰਕਾਰ ਦੁਆਰਾ ਸਿਖਰ ਦੇ ਪ੍ਰਦਰਸ਼ਨ ਕਰਨ ਵਾਲੀ ਰਾਜ ਨਿਵੇਸ਼ ਪ੍ਰਮੋਸ਼ਨ ਏਜੰਸੀ ਦੇ ਤੌਰ ਤੇ ਮਾਨਤਾ ਪ੍ਰਾਪਤ ਹੋਈ ਹੈ।

59. ਉਦਯੋਗਾਂ ਨੂੰ ਨਿਯਮਤ ਕਰਨ ਦੇ ਬੋਝ ਨੂੰ ਘੱਟ ਕਰਨ ਲਈ, ਪੰਜਾਬ ਰਾਈਟ ਟੂ ਬਿਜ਼ਨਸ ਐਕਟ, 2020 ਲਾਗੂ ਕੀਤਾ ਗਿਆ, ਜਿਸ ਨਾਲ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਬਿਊਰੋ ਆਫ ਐਂਪਲਾਇਮੈਂਟ ਐਂਡ ਐਂਟਰਪ੍ਰਾਈਜ ਨੂੰ ਉਦਯੋਗਿਕ ਪਾਰਕਾਂ ਵਿਚ ਸਥਾਪਿਤ ਨਵੀਂਆਂ ਐੱਮ.ਐੱਸ.ਐੱਮ.ਈ. ਯੂਨਿਟਾਂ ਨੂੰ 3 ਕਾਰਜਕਾਰੀ ਦਿਨਾਂ ਦੇ ਅੰਦਰ ਅਤੇ ਉਦਯੋਗਿਕ ਖੇਤਰਾਂ ਵਿੱਚ ਸਥਾਪਤ ਕੀਤੇ ਜਾ ਰਹੇ ਐੱਮ.ਐੱਸ.ਐੱਮ.ਈ. ਯੂਨਿਟਾਂ ਨੂੰ 15 ਦਿਨਾਂ ਦੇ ਅੰਦਰ ਅੰਦਰ ਸਿਧਾਂਤਕ ਪ੍ਰਵਾਨਗੀ ਦਾ ਪ੍ਰਮਾਣ ਪੱਤਰ ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ। ਹੁਣ ਤੱਕ, ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ 19 ਤੋਂ ਵੱਧ ਐੱਮ.ਐੱਸ.ਐੱਮ.ਈ. ਯੂਨਿਟਾਂ ਨੂੰ ਇਸ ਕਾਨੂੰਨ ਤਹਿਤ ਪ੍ਰਵਾਨਗੀ ਦਿੱਤੀ ਗਈ ਹੈ।

60. ਸਤਿਕਾਰਯੋਗ ਮੈਂਬਰ ਸਾਹਿਬਾਨ, ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਐੱਮ.ਐੱਸ.ਐੱਮ.ਈ. ਯੂਨਿਟਾਂ ਦੀ ਉਤਪਾਦਕਤਾ ਨੂੰ ਵਧਾਉਣ ਲਈ ਵਿਸ਼ਵ ਬੈਂਕ ਦੁਆਰਾ ਵਿੱਤ ਪ੍ਰਾਪਤ ਪਾਇਲਟ ਪ੍ਰੋਜੈਕਟ ਨੂੰ ਚਲਾਉਣ ਲਈ ਚੁਣੇ ਗਏ 5 ਰਾਜਾਂ ਵਿੱਚ ਪੰਜਾਬ ਵੀ ਸ਼ਾਮਲ ਸੀ। ਸਰਕਾਰ ਇਸ ਉਦੇਸ਼ ਲਈ ਇਕ ਵਿਸਤ੍ਰਿਤ ਪ੍ਰੋਜੈਕਟ ਤਿਆਰ ਕਰਨ ਲਈ ਵਿਸ਼ਵ ਬੈਂਕ ਅਤੇ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੀ ਹੈ।

61. ਮੇਰੀ ਸਰਕਾਰ ਵੱਲੋਂ, ਰਾਜ ਵਿਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਕਈ ਉਦਯੋਗਿਕ ਪਾਰਕ ਵਿਕਸਤ ਕੀਤੇ ਜਾ ਰਹੇ ਹਨ। ਜ਼ਿਲ੍ਹਾ ਲੁਧਿਆਣਾ ਦੇ ਧਨਾਨਸੂ ਵਿਖੇ 383 ਏਕੜ ਦੇ ਖੇਤਰ ਵਿਚ ਲਗਭਗ 500 ਕਰੋੜ ਰੁਪਏ ਦੀ ਲਾਗਤ ਨਾਲ

ਇਕ ਵਿਸ਼ਵ ਪੱਧਰੀ ਆਧੁਨਿਕ ਸਾਈਕਲ ਵੈਲੀ ਵਿਕਸਤ ਕੀਤੀ ਜਾ ਰਹੀ ਹੈ, ਜਿਸ ਨਾਲ ਦੇਸ਼ ਭਰ ਵਿਚ ਹੀ ਨਹੀਂ, ਵਿਦੇਸ਼ਾਂ ਤੋਂ ਵੀ ਨਵੇਂ ਨਿਵੇਸ਼ਕ ਆਕਰਸ਼ਤ ਹੋਣਗੇ। ਮੈਸਰਜ਼ ਹੀਰੋ ਸਾਈਕਲ ਇਸ ਦੀਆਂ ਸਹਾਇਕ ਇਕਾਈਆਂ ਦੇ ਨਾਲ ਸਾਈਕਲ ਅਤੇ ਈ-ਬਾਈਕ ਵਰਗੇ ਆਵਾਜਾਈ ਹੱਲ ਦੇ ਨਿਰਮਾਣ ਲਈ ਇਸ ਉਦਯੋਗਿਕ ਪਾਰਕ ਦੇ 100 ਏਕੜ ਵਿਚ ਐਂਕਰ ਯੂਨਿਟ ਸਥਾਪਤ ਕਰ ਰਿਹਾ ਹੈ।

62. ਮੇਰੀ ਸਰਕਾਰ ਲਗਭਗ 130 ਏਕੜ ਦੇ ਰਕਬੇ ਵਿਚ ਫਾਰਮਾਸਿਊਟੀਕਲ ਸੈਕਟਰ ਦੀਆਂ ਉੱਭਰ ਰਹੀਆਂ ਜ਼ਰੂਰਤਾਂ ਨੂੰ ਹੁਲਾਰਾ ਦੇਣ ਲਈ ਗ੍ਰੀਨਫੀਲਡ ਪ੍ਰਾਜੈਕਟ ਵਜੋਂ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਵਜ਼ੀਰਾਬਾਦ ਵਿਖੇ ਵਿੱਚ ਏਕੀਕ੍ਰਿਤ ਫਾਰਮਾਸਿਊਟੀਕਲ ਪਾਰਕ ਵੀ ਸਥਾਪਤ ਕਰ ਰਹੀ ਹੈ।

63. ਮੇਰੀ ਸਰਕਾਰ ਵੱਲੋਂ 118 ਕਰੋੜ ਰੁਪਏ ਦੇ ਨਿਵੇਸ਼ ਨਾਲ ਲਾਡੋਵਾਲ, ਲੁਧਿਆਣਾ ਵਿਖੇ 100 ਏਕੜ ਰਕਬੇ ਵਿੱਚ ਇੱਕ ਮੈਗਾ ਫੂਡ ਪਾਰਕ ਸਥਾਪਤ ਕੀਤਾ ਗਿਆ ਹੈ। ਇੱਥੇ ਇਕ ਫ਼ੂਡ ਟੈਸਟਿੰਗ ਲਬਾਰਟਰੀ ਅਤੇ ਇਕ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਸਹੂਲਤ ਇਕ ਆਮ ਸਰੋਤ ਵਜੋਂ ਸਥਾਪਿਤ ਕੀਤੀ ਜਾ ਰਹੀ ਹੈ, ਅਤੇ ਫ਼ੂਡ ਪ੍ਰੋਸੈਸਿੰਗ ਯੂਨਿਟ ਸਥਾਪਤ ਕਰਨ ਲਈ ਉਦਯੋਗਪਤੀਆਂ ਨੂੰ ਪਹਿਲਾਂ ਤੋਂ ਪ੍ਰਵਾਨਤ ਪਲਾਟਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਫੂਡ ਪਾਰਕ ਵਿਚ ਹੁਣ ਤਕ ਨੌਂ ਕੰਪਨੀਆਂ ਨੇ ਆਪੋ-ਆਪਣੇ ਕਾਰੋਬਾਰ ਸਥਾਪਤ ਕੀਤੇ ਹਨ।

64. ਮੇਰੀ ਸਰਕਾਰ ਨੇ ਰਾਜਪੁਰਾ ਵਿਖੇ ਅੰਮ੍ਰਿਤਸਰ ਕੋਲਕਾਤਾ ਉਦਯੋਗਿਕ ਕਾਰੀਡੋਰ ਪ੍ਰਾਜੈਕਟ ਦੇ ਹਿੱਸੇ ਵਜੋਂ ਇੱਕ ਉਦਯੋਗਿਕ ਨਿਰਮਾਣ ਕਲੱਸਟਰ ਦੇ ਵਿਕਾਸ ਲਈ 1100 ਏਕੜ ਤੋਂ ਵੱਧ ਜ਼ਮੀਨ ਵੀ ਉਪਲਬਧ ਕਰਵਾਈ ਹੈ।

65. ਵੱਖ-ਵੱਖ ਉਦਯੋਗਿਕ ਫੋਕਲ ਪੁਆਇੰਟਾਂ ਦੇ ਉਦਯੋਗਿਕ ਢਾਂਚੇ ਨੂੰ ਨਿਯਮਤ ਰੂਪ ਵਿਚ ਅਪਗ੍ਰੇਡ ਕੀਤਾ ਜਾ ਰਿਹਾ ਹੈ। ਮੇਰੀ ਸਰਕਾਰ ਨੇ ਇਨ੍ਹਾਂ ਬੁਨਿਆਦੀ ਸਥਾਨਾਂ ਵਿਚ ਸਾਂਝੇ ਬੁਨਿਆਦੀ ਢਾਂਚੇ, ਜਿਵੇਂ ਕਿ ਸੜਕਾਂ, ਸਟ੍ਰੀਟ ਲਾਈਟਾਂ, ਡਰੇਨੇਜ, ਸੀਵਰੇਜ ਆਦਿ ਦੇ ਅਪਗ੍ਰੇਡਸ਼ਨ ਲਈ 175 ਕਰੋੜ ਰੁਪਏ ਖਰਚ ਕਰਨ ਦੀ ਯੋਜਨਾ ਬਣਾਈ ਹੈ।

66. ਉਦਯੋਗਾਂ 'ਤੇ ਕੋਵਿਡ–19 ਮਹਾਂਮਾਰੀ ਦੇ ਪ੍ਰਭਾਵ ਨੂੰ ਘਟਾਉਣ ਲਈ, 01.03.2020 ਤੋਂ 31.08.2020 ਦੇ ਵਿਚਲੀ ਅਵਧੀ ਨੂੰ ਸਾਰੇ ਮਨੋਰਥਾਂ ਅਤੇ ਉਦੇਸ਼ਾਂ ਲਈ ਜ਼ੀਰੋ ਪੀਰੀਅਡ ਮੰਨਿਆ ਗਿਆ ਹੈ, ਅਤੇ ਇਸ ਸਮੇਂ ਲਈ ਪੀਐੱਸਆਈਈਸੀ ਦੁਆਰਾ ਕੋਈ ਵਿਆਜ ਜਾਂ ਜੁਰਮਾਨਾ ਨਹੀਂ ਲਿਆ ਗਿਆ ਹੈ। ਪੀ.ਐੱਸ.ਆਈ.ਈ.ਸੀ ਨੇ ਮਹਾਂਮਾਰੀ ਦੇ ਕਾਰਨ ਖਰਾਬ ਹੋਏ ਸਮੇਂ ਲਈ ਬਿਨਾਂ ਕਿਸੇ ਐਕਸਟੈਂਸ਼ਨ ਫੀਸ ਦੇ ਉਤਪਾਦਨ ਦੀ ਸ਼ੁਰੂਆਤ ਲਈ 6 ਮਹੀਨਿਆਂ ਦੀ ਵਾਧੂ ਮਿਆਦ ਦੀ ਆਗਿਆ ਦੇ ਦਿੱਤੀ ਹੈ।

67. ਮੇਰੀ ਸਰਕਾਰ ਨੇ ਇਕ ਵਨ–ਟਾਈਮ ਸੈਟਲਮੈਂਟ ਪਾਲਿਸੀ ਵੀ ਅਧਿਸੂਚਿਤ ਕੀਤੀ ਹੈ ਤਾਂ ਜੋ ਪ੍ਰੋਤਸਾਹਿਤ ਅਤੇ ਕਰਜ਼ਾ ਕੰਪਨੀਆਂ ਦੇ ਉੱਦਮੀਆਂ ਨੂੰ ਪੀ.ਐੱਸ.ਆਈ.ਡੀ.ਸੀ. ਅਤੇ ਪੀ.ਐੱਫ.ਸੀ. ਨਾਲ ਆਪਣੇ ਬਕਾਏ ਦਾ ਨਿਪਟਾਰਾ ਕਰਨ ਦਾ ਆਖਰੀ ਮੌਕਾ ਦਿੱਤਾ ਜਾ ਸਕੇ। ਸਰਕਾਰ ਦੁਆਰਾ ਇੱਕ ਵਨ–ਟਾਈਮ ਐਮਨੈਸਟੀ ਸਕੀਮ ਵੀ ਅਧਿਸੂਚਿਤ ਕੀਤੀ ਗਈ ਹੈ ਕਿ ਉਹ ਆਪਣੇ ਬੁਆਇਲਰ ਉਪਭੋਗਤਾਵਾਂ ਨੂੰ ਨਿਯਮਿਤ ਕਰੇ, ਜੇਕਰ ਉਹ ਬੁਆਇਲਰ ਐਕਟ, 1923 ਅਤੇ ਇੰਡੀਅਨ ਬੁਆਇਲਰ ਰੈਗੂਲੇਸ਼ਨਜ਼, 1950 ਵਿੱਚ ਦਰਜ ਧਾਰਾਵਾਂ ਦੀ ਪਾਲਣਾ ਕੀਤੇ ਬਗੈਰ ਕੰਮ ਕਰ ਰਹੇ ਹਨ।

68. ਮੇਰੀ ਸਰਕਾਰ ਨੇ ਵਿੱਤੀ ਸਾਲ 2013–14 ਤੱਕ ਟੈਕਸ ਦੀਆਂ ਮੰਗਾਂ ਲਈ ਵੈਟ ਅਤੇ ਸੀ.ਐਸ.ਟੀ. ਲਈ ਯਕਮੁੱਸ਼ਤ ਨਿਪਟਾਰਾ ਸਕੀਮ ਲਾਗੂ ਕੀਤੀ ਹੈ। ਇਸ ਸਕੀਮ ਦੇ ਤਹਿਤ 49,647 ਵੈਟ ਡੀਲਰਾਂ ਨੂੰ 121.06 ਕਰੋੜ ਰੁਪਏ ਦੀ ਰਾਹਤ ਦਿੱਤੀ ਜਾਣੀ ਹੈ, ਜਿਸ ਵਿੱਚ ਵਿਆਜ ਅਤੇ ਜ਼ੁਰਮਾਨੇ ਵਿੱਚ 100 ਪ੍ਰਤੀਸ਼ਤ ਤੱਕ ਦੀ ਰਾਹਤ ਹੋਵੇਗੀ।

69. ਕੋਵਿਡ–19 ਮਹਾਂਮਾਰੀ ਦੀਆਂ ਮੁਸ਼ਕਲਾਂ ਨੇ ਪੰਜਾਬ ਵਿਚ ਉਦਯੋਗਾਂ ਨੂੰ ਤਕਨੀਕੀ ਟੈਕਸਟਾਈਲ ਵਿਚ ਨਵੇਂ ਸੰਭਾਵਤ ਖੇਤਰਾਂ ਦੀ ਪੜਚੋਲ ਕਰਨ ਲਈ ਵੀ ਪ੍ਰੇਰਿਤ ਕੀਤਾ ਹੈ। ਮੇਰੀ ਸਰਕਾਰ ਦੇ ਉਤਸ਼ਾਹ ਅਤੇ ਸਹੂਲਤ ਨਾਲ, ਲੁਧਿਆਣਾ ਦੀ ਟੈਕਸਟਾਈਲ ਇੰਡਸਟਰੀ ਨੇ ਕੋਵਿਡ–19 ਤੋਂ ਬਚਾਅ ਲਈ ਪੀਪੀਈ ਬਾਡੀ

ਕਵਰਜ਼ ਅਤੇ ਐਨ-95 ਮਾਸਕ ਤਿਆਰ ਕਰਨ ਦੀ ਸ਼ੁਰੂਆਤ ਕੀਤੀ। ਜ਼ੀਰੋ ਬੇਸ ਤੋਂ, ਅੱਜ ਰਾਜ ਵਿਚ 141 ਮਨਜ਼ੂਰਸ਼ੁਦਾ ਬਾਡੀ ਕਵਰ ਪੀਪੀਈ ਨਿਰਮਾਤਾ ਅਤੇ 16 ਐਨ-95 ਮਾਸਕ ਨਿਰਮਾਤਾ ਹਨ।

70. ਸਤਿਕਾਰਯੋਗ ਮੈਂਬਰ ਸਾਹਿਬਾਨ, ਪੰਜਾਬ ਉੱਦਮ ਅਤੇ ਨਵੀਨਤਾ ਦੀ ਧਰਤੀ ਹੈ। ਪੰਜਾਬੀਆਂ ਦੀ ਇਸ ਸਹਿਜ ਸਮਰੱਥਾ ਦਾ ਲਾਭ ਉਠਾਉਣ ਲਈ, ਮੇਰੀ ਸਰਕਾਰ ਨੇ ਪੰਜਾਬ ਵਿਦਿਆਰਥੀ ਉੱਦਮ ਯੋਜਨਾ ਸ਼ੁਰੂ ਕੀਤੀ। ਇਸ ਯੋਜਨਾ ਦੇ ਤਹਿਤ, ਸਾਰੀਆਂ ਯੂਨੀਵਰਸਿਟੀਆਂ, ਕਾਲਜ, ਪੌਲੀਟੈਕਨਿਕ ਜਿਨ੍ਹਾਂ ਦੇ ਕੈਂਪਸ ਵਿਚ ਇਨਕੁਬੇਟਰ ਹਨ, ਨੂੰ ਹਾਜ਼ਰੀ ਵਿਚ 20% ਦੀ ਢਿੱਲ ਦਿੱਤੀ ਜਾਵੇਗੀ, ਅਤੇ ਆਪਣੀ ਪੜ੍ਹਾਈ ਦੌਰਾਨ ਉੱਦਮਤਾ ਅਤੇ ਨਵੀਨਤਾ ਦੇ ਰੁਝਾਨ ਵਾਲੇ ਵਿਦਿਆਰਥੀਆਂ ਲਈ ਅਕਾਦਮਿਕ ਕੋਰਸਾਂ ਵਿਚ 4% ਗ੍ਰੇਸ ਮਾਰਕਸ ਦਿੱਤੇ ਜਾਣਗੇ।

71. ਰਾਜ ਵਿਚ ਸ਼ੁਰੂਆਤੀ ਵਾਤਾਵਰਣ ਪ੍ਰਣਾਲੀ ਨੂੰ ਹੋਰ ਹੁਲਾਰਾ ਦੇਣ ਲਈ, ਮੇਰੀ ਸਰਕਾਰ ਨੇ ਪੰਜਾਬ ਇਨੋਵੇਸ਼ਨ ਮਿਸ਼ਨ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ, ਜੋ ਆਪਣੀ ਕਿਸਮ ਦਾ ਪਹਿਲਾ ਮਿਸ਼ਨ ਹੈ। ਇਹ ਪ੍ਰਾਈਵੇਟ ਸੈਕਟਰ ਦੀ ਅਗਵਾਈ ਵਿੱਚ ਹੈ ਪਰ ਇਸ ਨੂੰ ਸਰਕਾਰ ਦਾ ਸਮਰਥਨ ਪ੍ਰਾਪਤ ਹੈ। ਪੰਜਾਬ ਇਨੋਵੇਸ਼ਨ ਮਿਸ਼ਨ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਰਾਜ ਵਿਚ ਸ਼ੁਰੂਆਤੀ ਪੜਾਅ ਦੇ ਅਰੰਭ ਵਿਚ ਨਿਵੇਸ਼ ਕਰਨ ਲਈ 150 ਕਰੋੜ ਰੁਪਏ ਦਾ ਇਕ ਪੰਜਾਬ ਇਨੋਵੇਸ਼ਨ ਫੰਡ ਸਥਾਪਤ ਕਰਨ ਦੀ ਤਜਵੀਜ਼ ਹੈ।

72. ਮੇਰੀ ਸਰਕਾਰ ਨੇ ਗਲੋਬਲ ਅਲਾਇੰਸ ਫਾਰ ਮਾਸ ਐਂਟਰਪ੍ਰਿਊਨਰਸ਼ਿਪ ਦੇ ਨਾਲ ਹੱਥ ਮਿਲਾਇਆ ਹੈ ਤਾਂ ਜੋ ਐੱਮ.ਐੱਸ.ਐੱਮ ਯੂਨਿਟਾਂ ਲਈ ਐਕਸਲੇਟਰ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਜਾ ਸਕੇ ਤਾਂ ਜੋ ਉੱਦਮਸ਼ੀਲ ਗਤੀਸ਼ੀਲਤਾ ਨੂੰ ਸਮਰੱਥ ਬਣਾਇਆ ਜਾ ਸਕੇ ਅਤੇ ਅਨੁਕੂਲ ਉੱਦਮੀ ਵਾਤਾਵਰਣ ਪ੍ਰਣਾਲੀ ਨੂੰ ਕਾਇਮ ਕੀਤਾ ਜਾ ਸਕੇ। ਲੁਧਿਆਣਾ ਵਿੱਚ 23 ਉਦਮੀਆਂ ਦੇ ਪਹਿਲੇ ਸਮੂਹ ਦਾ ਐਕਸਲੇਟਰ ਪ੍ਰੋਗ੍ਰਾਮ ਸਫਲਤਾਪੂਰਵਕ ਚੱਲ ਰਿਹਾ ਹੈ

73. ਨਿਰਧਾਰਤ ਖੇਤਰਾਂ ਵਿਚ ਨਵੀਨਤਾਕਾਰੀ ਉਤਪਾਦਾਂ ਅਤੇ ਸੇਵਾਵਾਂ ਵਿਕਸਤ ਕਰਨ

ਵਾਲੇ ਆਈ.ਟੀ ਅਤੇ ਆਈ.ਟੀ.ਈ ਸ਼ੁਰੂਆਤੀ ਯੂਨਿਟਾਂ ਦੀ ਮਦਦ ਅਤੇ ਪੋਸ਼ਣ ਲਈ, ਮੇਰੀ ਸਰਕਾਰ ਨੇ ਆਈ.ਟੀ ਮੰਤਰਾਲੇ, ਭਾਰਤ ਸਰਕਾਰ, ਐੱਸਟੀਪੀਆਈ, ਇੰਡੀਅਨ ਸਕੂਲ ਆਫ਼ ਬਿਜ਼ਨਸ, ਪੰਜਾਬ ਟੈਕਨੀਕਲ ਯੂਨੀਵਰਸਿਟੀ, ਟੀਆਈਈ ਚੰਡੀਗੜ੍ਹ, ਚੰਡੀਗੜ੍ਹ ਏਂਜਲ ਨੈਟਵਰਕ ਅਤੇ ਹੋਰਨਾਂ ਨਾਲ 21 ਕਰੋੜ ਰੁਪਏ ਦੀ ਲਾਗਤ ਨਾਲ ਐੱਸ.ਟੀ.ਪੀ.ਆਈ ਮੁਹਾਲੀ ਵਿੱਚ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕਰਨ ਲਈ ਭਾਈਵਾਲੀ ਕੀਤੀ ਹੈ।

74. ਸਤਿਕਾਰਯੋਗ ਮੈਂਬਰ ਸਾਹਿਬਾਨ, ਉਦਯੋਗ ਲਈ ਬਿਜਲੀ ਸਬਸਿਡੀ ਦਾ ਉਪਬੰਧ ਕਰਨਾ ਰਾਜ ਵਿਚ ਉਦਯੋਗਿਕ ਨਿਵੇਸ਼ ਅਤੇ ਉਤਪਾਦਨ ਨੂੰ ਉਤਸ਼ਾਹਤ ਕਰਨ ਲਈ ਮੇਰੀ ਸਰਕਾਰ ਦੇ ਬਹੁਤ ਸਾਰੇ ਉਪਰਾਲਿਆਂ ਵਿਚੋਂ ਇਕ ਰਿਹਾ ਹੈ। ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ, 2017 ਦੀ ਨੋਟੀਫਿਕੇਸ਼ਨ ਤੋਂ ਬਾਅਦ, ਸਰਕਾਰ ਨੇ ਉਦਯੋਗ ਨੂੰ 6010 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਹੈ। ਕਿਉਂ ਜੋ ਉਦਯੋਗਿਕ ਬਿਜਲੀ ਦੀ ਖਪਤ ਵਿਚ 23.18 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਇਸ ਨਾਲ ਰਾਜ ਵਿਚ ਉਦਯੋਗਾਂ ਨੂੰ ਮੁੜ ਸੁਰਜੀਤ ਕਰਨ ਵਿਚ ਸਹਾਇਤਾ ਮਿਲੀ ਹੈ। ਕੁਲ ਮਿਲਾ ਕੇ, ਰਾਜ ਦੀ ਬਿਜਲੀ ਦੀ ਮੰਗ ਸਾਲ 2016-17 ਵਿਚ 44244 ਮਿਲੀਅਨ ਯੂਨਿਟ ਤੋਂ ਵਧ ਕੇ 2019-20 ਵਿਚ 56769 ਮਿਲੀਅਨ ਯੂਨਿਟ ਹੋ ਗਈ ਹੈ, ਜੋ ਕਿ 28.30% ਦੇ ਵਾਧੇ ਨੂੰ ਦਰਸਾਉਂਦੀ ਹੈ।

75. ਈਜ਼ ਆਫ ਡੂਇੰਗ ਬਿਜ਼ਨਸ (ਈਓਡੀਬੀ) ਨਿਵੇਸ਼ ਦੀ ਉਤਸ਼ਾਹਤ ਕਰਨ ਵਿਚ ਇਕ ਪ੍ਰਮੁੱਖ ਭੂਮਿਕਾ ਹੈ। ਕਾਰੋਬਾਰ ਕਰਨ ਵਿੱਚ ਅਸਾਨੀ ਲਈ, ਮੇਰੀ ਸਰਕਾਰ ਨੇ ਕਾਰੋਬਾਰੀ ਪ੍ਰਕਿਰਿਆ ਵਿੱਚ ਸੁਧਾਰ ਕਰਕੇ ਇੱਕ ਉੱਦਮੀ ਅਤੇ ਰੈਗੂਲੇਟਰੀ ਵਿਭਾਗਾਂ ਵਿਚਕਾਰ ਭੌਤਿਕ ਟੱਚ ਪੁਆਇੰਟਸ ਨੂੰ ਕਾਫ਼ੀ ਹੱਦ ਤੱਕ ਘਟਾ ਦਿੱਤਾ ਹੈ। ਇਸ ਨੇ ਮਜ਼ਦੂਰਾਂ ਦੇ ਅਧਿਕਾਰਾਂ ਤੇ ਕੋਈ ਮਾੜਾ ਪ੍ਰਭਾਵ ਨਾ ਪਾਉਣ ਨੂੰ ਯਕੀਨੀ ਬਣਾਉਂਦਿਆਂ ਕਈ ਕਿਰਤ ਸੁਧਾਰ ਵੀ ਕੀਤੇ ਹਨ।

76. ਮੇਰੀ ਸਰਕਾਰ ਨੇ ਪੰਜਾਬ ਦੁਕਾਨਾਂ ਅਤੇ ਵਪਾਰਕ ਸਥਾਪਨਾਵਾਂ ਐਕਟ, 1958 ਦੇ

ਤਹਿਤ ਇੱਕ ਨੋਟੀਫਿਕੇਸ਼ਨ ਜਾਰੀ ਕੀਤੀ ਹੈ, ਜਿਸ ਵਿੱਚ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਇੱਕ ਸਾਲ ਵਿੱਚ 365 ਦਿਨਾਂ ਲਈ 247 ਖੁੱਲ੍ਹੇ ਰਹਿਣ ਦੀ ਆਗਿਆ ਦਿੱਤੀ ਗਈ ਹੈ। ਇਸ ਨਾਲ ਨਾ ਸਿਰਫ ਆਰਥਿਕਤਾ ਨੂੰ ਹੁਲਾਰਾ ਮਿਲੇਗਾ, ਬਲਕਿ ਵਧੇਰੇ ਰੁਜ਼ਗਾਰ ਵੀ ਸਿਰਜਿਤ ਹੋਵੇਗਾ।

77. ਫੈਕਟਰੀ ਐਕਟ, 1948 ਵਿਚ ਸੋਧ ਕੀਤੀ ਗਈ ਹੈ ਤਾਂ ਜੋ ਕਾਮਿਆਂ ਦੀ ਗਿਣਤੀ ਦੀ ਸੀਮਾ 10 ਤੋਂ ਵਧਾ ਕੇ 20 ਕੀਤੀ ਜਾ ਸਕੇ, ਜਿਸ ਨਾਲ ਉਦਯੋਗ ਨੂੰ ਲਾਭ ਮਿਲੇਗਾ। ਅਪਰਾਧ ਦੇ ਘਟਾਉਣ ਨੂੰ ਵੀ ਕਾਨੂੰਨ ਵਿਚ ਸ਼ਾਮਲ ਕੀਤਾ ਗਿਆ ਹੈ। ਪੰਜਾਬ ਫੈਕਟਰੀ ਨਿਯਮ, 1952 ਵਿਚ ਸੋਧ ਕੀਤੀ ਗਈ ਹੈ ਤਾਂ ਜੋ ਤਕਨੀਕੀ ਸੰਸਥਾਵਾਂ ਨੂੰ ਇਮਾਰਤਾਂ ਦੀਆਂ ਯੋਜਨਾਵਾਂ ਦੀ ਤਸਦੀਕ ਕਰਵਾਉਣ ਦੀ ਆਗਿਆ ਦਿੱਤੀ ਜਾ ਸਕੇ।

78. ਮੇਰੀ ਸਰਕਾਰ ਨੇ ਉਦਯੋਗਿਕ ਰੁਜ਼ਗਾਰ (ਸਥਾਈ ਹੁਕਮ) ਐਕਟ, 1946 ਦੇ ਤਹਿਤ 6 ਅਗਸਤ 2020 ਨੂੰ ਇੱਕ ਨੋਟੀਫਿਕੇਸ਼ਨ ਰਾਹੀਂ ਨਿਸ਼ਚਤ ਮਿਆਦ ਦੇ ਰੁਜ਼ਗਾਰ ਦਾ ਉਪਬੰਧ ਵੀ ਕੀਤਾ ਹੈ। ਨਿਸ਼ਚਿਤ ਮਿਆਦ ਦੇ ਠੇਕੇ ਅਧੀਨ ਰੱਖੇ ਗਏ ਕਰਮਚਾਰੀ ਉਨ੍ਹਾਂ ਦੀ ਸੇਵਾ ਦੀ ਮਿਆਦ ਦੇ ਅਨੁਪਾਤ ਅਨੁਸਾਰ ਸਾਰੇ ਲਾਭ ਲੈਣ ਦੇ ਹੱਕਦਾਰ ਹੋਣਗੇ।

79. ਮੇਰੀ ਸਰਕਾਰ ਨੇ ਉਦਯੋਗਿਕ ਰੁਜ਼ਗਾਰ (ਸਥਾਈ ਆਦੇਸ਼) ਐਕਟ, 1946 ਲਾਗੂ ਕਰਨ ਲਈ 20 ਕਾਮਿਆਂ ਦੀ ਵੱਧ ਤੋਂ ਵੱਧ ਸੀਮਾ ਨੂੰ ਵਧਾ ਕੇ 100 ਕਰ ਦਿੱਤਾ ਹੈ। ਇਸ ਤੋਂ ਬਾਅਦ 100 ਤੋਂ ਘੱਟ ਕਾਮਿਆਂ ਵਾਲੀਆਂ ਸਨਅਤੀ ਸੰਸਥਾਵਾਂ ਨੂੰ ਆਪਣੇ ਸਥਿਰ ਆਦੇਸ਼ਾਂ ਦੀ ਤਸਦੀਕ ਕਰਨ ਤੋਂ ਛੋਟ ਮਿਲੇਗੀ।

80. ਇਸ ਤੋਂ ਇਲਾਵਾ, ਉਦਯੋਗਿਕ ਵਿਵਾਦ ਐਕਟ, 1947 ਵਿਚ ਸੋਧ ਕੀਤੀ ਗਈ ਹੈ ਤਾਂ ਜੋ 100 ਤੋਂ 300 ਕਾਮਿਆਂ ਦੀ ਵੱਧ ਤੋਂ ਵੱਧ ਸੀਮਾ ਵਿੱਚ ਵਾਧਾ ਕੀਤਾ ਜਾ ਸਕੇ। ਇਹ 300 ਤੋਂ ਘੱਟ ਕਾਮੇ ਰੱਖਣ ਵਾਲੇ ਉਦਯੋਗਾਂ ਨੂੰ ਬੰਦ ਹੋਣ ਜਾਂ ਛਾਂਟੀ ਤੋਂ ਪਹਿਲਾਂ ਅਗਾਊਂ ਆਗਿਆ ਲੈਣ ਤੋਂ ਛੋਟ ਦੇਵੇਗੀ।

81. ਕੰਟਰੈਕਟ ਲੇਬਰ (ਰੈਗੂਲੇਸ਼ਨ ਐਂਡ ਐਬੋਲਿਸ਼ਨ) ਐਕਟ, 2020 ਵਿਚ ਐਕਟ ਨੂੰ ਲਾਗੂਕਰਨ ਲਈ 20 ਕਰਮਚਾਰੀਆਂ ਦੀ ਵੱਧ ਤੋਂ ਵੱਧ ਸੀਮਾ ਨੂੰ 50 ਤੱਕ ਵਧਾਉਣ ਲਈ ਸੋਧ ਕੀਤੀ ਗਈ ਹੈ। ਇਹ ਉਦਯੋਗਾਂ ਦੇ ਨਾਲ ਨਾਲ ਠੇਕੇਦਾਰਾਂ ਨੂੰ ਲਾਇਸੈਂਸ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਦੇ ਸਬੰਧ ਵਿਚ ਲੋੜੀਂਦੀ ਸੌਖ ਦੇਵੇਗਾ।

82. ਮੇਰੀ ਸਰਕਾਰ ਨੇ ਪੰਜਾਬ ਬਿਲਡਿੰਗ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ ਦੀਆਂ ਵੱਖ-ਵੱਖ ਭਲਾਈ ਸਕੀਮਾਂ ਅਧੀਨ 18500 ਲਾਭਪਾਤਰੀਆਂ ਨੂੰ 34 ਕਰੋੜ ਰੁਪਏ ਦੀ ਰਾਸ਼ੀ ਵੰਡੀ ਹੈ ਅਤੇ ਪਿਛਲੇ ਸਾਲ ਦੇ ਦੌਰਾਨ ਹੋਰ 15 ਕਰੋੜ ਰੁਪਏ ਪੰਜਾਬ ਕਿਰਤ ਭਲਾਈ ਬੋਰਡ ਦੀਆਂ ਵੱਖ-ਵੱਖ ਭਲਾਈ ਸਕੀਮਾਂ ਅਧੀਨ 6545 ਲਾਭਪਾਤਰੀਆਂ ਨੂੰ ਵੰਡੇ ਗਏ ਹਨ।

83. ਪਾਣੀ ਦੀ ਸੰਭਾਲ ਦੀ ਜ਼ਰੂਰਤ ਨੂੰ ਧਿਆਨ ਵਿਚ ਰੱਖਦਿਆਂ, ਮੇਰੀ ਸਰਕਾਰ ਨੇ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਵਿਨਿਯਮ) ਐਕਟ, 2020 ਅਧੀਨ ਰਾਜ ਵਾਟਰ ਰੈਗੂਲੇਟਰੀ ਅਥਾਰਟੀ ਨੂੰ ਕਾਰਜਸ਼ੀਲ ਬਣਾਇਆ ਹੈ। ਨਤੀਜੇ ਵਜੋਂ, ਹਨੇਰੇ ਅਤੇ ਵਧੇਰੇ ਸ਼ੋਸ਼ਣ ਵਾਲੇ ਬਲਾਕਾਂ ਵਿਚ ਫੈਕਟਰੀਆਂ ਸਥਾਪਤ ਕਰਨ ਲਈ, ਐਨ.ਓ.ਸੀ., ਜੋ ਪਹਿਲਾਂ ਗ੍ਰਾਊਂਡ ਵਾਟਰ ਅਥਾਰਟੀ ਦੁਆਰਾ ਜਾਰੀ ਕੀਤੇ ਗਏ ਸਨ, ਹੁਣ ਵਿਚਾਰੇ ਜਾਣਗੇ ਅਤੇ ਰਾਜ ਜਲ ਰੈਗੂਲੇਟਰੀ ਅਥਾਰਟੀ ਦੁਆਰਾ ਜਾਰੀ ਕੀਤੇ ਜਾਣਗੇ।

84. ਮੇਰੀ ਸਰਕਾਰ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦੀ ਪ੍ਰਗਤੀ ਤੇ ਨਿਰੰਤਰ ਨਿਗਰਾਨੀ ਕਰ ਰਹੀ ਹੈ। 40 ਪ੍ਰਤੀਸ਼ਤ ਕੰਮ ਪੂਰਾ ਹੋ ਚੁੱਕਾ ਹੈ, ਅਤੇ ਸਾਰੇ ਪ੍ਰਮੁੱਖ ਕੰਮ ਦਸੰਬਰ 2021 ਤਕ ਪੂਰੇ ਹੋਣ ਜਾਣ ਦੀ ਸੰਭਾਵਨਾ ਹੈ। ਇਸ ਪ੍ਰਾਜੈਕਟ ਤੋਂ ਸਤੰਬਰ, 2022 ਤੋਂ ਬਿਜਲੀ ਉਤਪਾਦਨ ਸ਼ੁਰੂ ਹੋਣ ਦੀ ਉਮੀਦ ਹੈ।

85. ਰਾਜ ਦੇ ਮਾਝਾ ਖੇਤਰ ਵਿਚ ਯੂ.ਬੀ.ਡੀ.ਸੀ ਸਿਸਟਮ ਤੋਂ ਪਾਣੀ ਦੀ ਵਰਤੋਂ ਲਈ, ਮੇਰੀ ਸਰਕਾਰ ਨੇ 327 ਕਰੋੜ ਰੁਪਏ ਦੇ ਨਵੀਨੀਕਰਣ ਪ੍ਰਾਜੈਕਟ ਨੂੰ ਮਨਜ਼ੂਰੀ ਦਿੱਤੀ ਹੈ, ਜਿਸ ਵਿਚੋਂ ਚਾਲੂ ਵਿੱਤੀ ਵਰ੍ਹੇ ਵਿਚ ਹੁਣ ਤਕ 72 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਹ ਪ੍ਰਾਜੈਕਟ 31 ਮਾਰਚ 2023 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

86. ਕੰਢੀ ਖੇਤਰ ਦੇ 6 ਬਲਾੱਕਾਂ ਵਿੱਚ, 31 ਮਾਰਚ, 2021 ਤੱਕ 3600 ਹੈਕਟੇਅਰ ਰਕਬੇ ਵਿੱਚ ਸਿੰਜਾਈ ਲਈ 30 ਕਰੋੜ ਰੁਪਏ ਦੀ ਲਾਗਤ ਨਾਲ 72 ਨਵੇਂ ਡੂੰਘੇ ਟਿਊਬਵੈਲ ਲਗਾਏ ਜਾਣਗੇ। ਇਸ ਸਾਲ 196 ਕਰੋੜ ਰੁਪਏ ਦੀ ਲਾਗਤ ਨਾਲ ਐੱਸ.ਏ.ਐੱਸ.ਨਗਰ, ਰੋਪੜ, ਐੱਸ.ਬੀ.ਐੱਸ. ਨਗਰ, ਹੁਸ਼ਿਆਰਪੁਰ ਅਤੇ ਪਠਾਨਕੋਟ ਜ਼ਿਲ੍ਹੇ ਦੇ ਕੰਢੀ ਖੇਤਰਾਂ ਵਿੱਚ ਵੀ 502 ਨਵੇਂ ਡੂੰਘੇ ਟਿਊਬਵੈਲ ਲਗਾਏ ਜਾਣਗੇ, ਜੋ 21 ਹਜ਼ਾਰ ਹੈਕਟੇਅਰ ਰਕਬੇ ਦੀ ਸਿੰਜਾਈ ਕਰਨਗੇ।

87. ਮੇਰੀ ਸਰਕਾਰ ਨੇ ਰਾਜ ਦੀਆਂ ਖਦਾਨ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਹਨ ਤਾਂ ਜੋ ਵਿਅਕਤੀਗਤ ਖਦਾਨਾਂ ਦੀ ਨਿਲਾਮੀ ਦੀ ਪਹਿਲੀ ਦੀ ਪ੍ਰਕਿਰਿਆ ਦੀ ਥਾਂ ਪ੍ਰਗਤੀਸ਼ੀਲ ਬੋਲੀ ਰਾਹੀਂ ਰਣਨੀਤਕ ਢੰਗ ਨਾਲ ਸਥਾਪਤ ਸਮੂਹਾਂ ਵਿੱਚ ਮਾਈਨਿੰਗ ਬਲਾੱਕਾਂ ਦੀ ਪ੍ਰਭਾਵੀ ਈ-ਨਿਲਾਮੀ ਨੂੰ ਸਮਰੱਥ ਬਣਾਇਆ ਜਾ ਸਕੇ। ਨੀਤੀ ਦਾ ਉਦੇਸ਼ ਨਵੀਂ ਤਕਨਾਲੋਜੀ, ਜਿਵੇਂ ਕਿ ਕਿਯੂ.ਟੀ ਕੋਡ, ਆਰ.ਐਫ.ਆਈ.ਡੀ, ਸੀਸੀਟੀਵੀ ਕੈਮਰੇ, ਅਤੇ ਉਨ੍ਹਾਂ ਦੇ ਬਿਹਤਰ ਪ੍ਰਬੰਧਨ ਲਈ ਖਦਾਨਾਂ ਦੇ ਆਈ.ਟੀ ਏਕੀਕਰਣ ਦੀ ਵਰਤੋਂ ਕਰਨਾ ਹੈ। ਸਾਲ 2020-21 ਦੌਰਾਨ ਹੁਣ ਤੱਕ 250 ਕਰੋੜ ਰੁਪਏ ਮਾਈਨਿੰਗ ਮਾਲੀਏ ਵਜੋਂ ਪ੍ਰਾਪਤ ਹੋਏ ਹਨ।

88. ਸਤਿਕਾਰਯੋਗ ਮੈਂਬਰ ਸਾਹਿਬਾਨ, ਆਪਣੀ ਵਚਨਬੱਧਤਾ ਅਨੁਸਾਰ, ਮੇਰੀ ਸਰਕਾਰ ਨੇ ਕੈਪਟਨ ਸਮਾਰਟ ਕਨੈਕਟ ਸਕੀਮ ਅਧੀਨ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ 12ਵੀਂ ਜਮਾਤ ਵਿੱਚ ਪੜ੍ਹਦੇ ਲੜਕਿਆਂ ਅਤੇ ਲੜਕੀਆਂ ਨੂੰ 1.74 ਲੱਖ ਸਮਾਰਟ ਮੋਬਾਈਲ ਫੋਨ ਦਿੱਤੇ ਹਨ। ਇਸ ਨੇ ਕੋਵਿਡ-19 ਦੇ ਕਾਰਨ ਸ਼ੁਰੂ ਹੋਈ ਲਾਜ਼ਮੀ ਆੱਨਲਾਈਨ ਸਿੱਖਿਆ ਦੇ ਸੰਭਾਵਿਤ ਡਿਜੀਟਲ ਫ਼ਾਸਲੇ ਨੂੰ ਹੱਲ ਕਰਨ ਵਿੱਚ ਸਹਾਇਤਾ ਕੀਤੀ। ਮੇਰੀ ਸਰਕਾਰ ਇਸ ਯੋਜਨਾ ਨੂੰ ਜਾਰੀ ਰੱਖੇਗੀ ਅਤੇ ਅਗਲੇ ਸਾਲ ਰਾਜ ਦੇ ਸਰਕਾਰੀ ਸਕੂਲਾਂ ਵਿਚ 12ਵੀਂ ਜਮਾਤ ਵਿਚ ਪੜ੍ਹ ਰਹੇ ਸਾਰੇ ਲੜਕਿਆਂ ਅਤੇ ਲੜਕੀਆਂ ਨੂੰ ਅਗਲੇ ਸਾਲ ਭਾਵ 2021-22 ਵਿਚ 2 ਲੱਖ ਹੋਰ ਸਮਾਰਟਫੋਨ ਪ੍ਰਦਾਨ ਕਰੇਗੀ।

89. ਮੇਰੀ ਸਰਕਾਰ ਦਾ ਫਲੈਗਸ਼ਿਪ ਲਰਨਿੰਗ ਇਨਹਾਂਸਮੈਂਟ ਪ੍ਰੋਗਰਾਮ 'ਪੜ੍ਹੋ ਪੰਜਾਬ,

ਪੜ੍ਹਾਓ ਪੰਜਾਬ' ਉਮਰ ਅਤੇ ਕਲਾਸ ਦੇ ਢੁਕਵੇਂ ਪੱਧਰ ਨੂੰ ਯਕੀਨੀ ਬਣਾਉਣ ਲਈ ਪਹਿਲੀ ਤੋਂ 12ਵੀਂ ਜਮਾਤ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਸਮੇਂਬੱਧ ਢੰਗ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਦੇ ਜ਼ਰੀਏ ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ ਵਿੱਚ ਸੁਧਾਰ ਆਉਣਾ ਸ਼ੁਰੂ ਹੋਇਆ ਹੈ। ਪ੍ਰਥਮ ਦੁਆਰਾ ਜਾਰੀ ਕੀਤੀ ਗਈ ਸਿੱਖਿਆ ਰਿਪੋਰਟ ਦੀ ਸਲਾਨਾ ਸਥਿਤੀ (ਏਐੱਸਈਆਰ) ਅਨੁਸਾਰ ਪੰਜਾਬ ਦੇ ਵਿਦਿਆਰਥੀਆਂ ਦੇ ਸਿਖਲਾਈ ਪੱਧਰ ਵਿੱਚ ਮਹੱਤਵਪੂਰਨ ਸੁਧਾਰ ਆਇਆ ਹੈ। ਇਸ ਤੋਂ ਇਲਾਵਾ, 10+2 ਜਮਾਤ ਦੇ ਸਾਲ 2019-20 ਦੇ 88.36 ਪ੍ਰਤੀਸ਼ਤ ਦੇ ਨਤੀਜੇ ਸਾਲ 2018-19 ਵਿਚ 96.95 ਪ੍ਰਤੀਸ਼ਤ ਹੋ ਗਏ, ਅਤੇ ਇਨ੍ਹਾਂ ਵਿਚ ਤਿੰਨ ਸਾਲਾਂ ਦੌਰਾਨ 28 ਪ੍ਰਤੀਸ਼ਤ ਤੋਂ ਵੱਧ ਦਾ ਸੁਧਾਰ ਹੋਇਆ ਹੈ।

90. ਮੇਰੀ ਸਰਕਾਰ ਨੇ ਇੱਕ ਸਮਾਰਟ ਸਕੂਲ ਨੀਤੀ ਅਧਿਸੂਚਿਤ ਕੀਤੀ ਹੈ, ਅਤੇ ਕੁੱਲ 19,000 ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ 9658 ਨੂੰ ਸਮਾਰਟ ਸਕੂਲ ਵਿੱਚ ਤਬਦੀਲ ਕਰ ਦਿੱਤਾ ਹੈ। ਸਿੱਖਿਆ ਦੇ ਮਾਧਿਅਮ ਵਜੋਂ ਅੰਗ੍ਰੇਜ਼ੀ ਲਗਭਗ 15,000 ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲਗਾਈ ਗਈ ਹੈ, ਜਿਨ੍ਹਾਂ ਵਿਚ 3.72 ਲੱਖ ਵਿਦਿਆਰਥੀ ਸ਼ਾਮਲ ਹਨ।

91. ਮੇਰੀ ਸਰਕਾਰ ਨੇ ਡਿਜੀਟਲ ਸਿੱਖਿਆ ਤੇ ਪੂਰਾ ਜ਼ੋਰ ਦਿੱਤਾ ਹੈ। ਸਰਕਾਰੀ ਸਕੂਲਾਂ ਵਿਚ ਡਿਜੀਟਲ ਸਿੱਖਿਆ ਪ੍ਰਦਾਨ ਕਰਨ ਲਈ, 16,589 ਕਲਾਸ ਰੂਮਾਂ (54 ਪ੍ਰਤੀਸ਼ਤ) ਨੂੰ ਈ-ਕੰਟੈਂਟ ਅਤੇ ਲੋੜੀਂਦੀ ਡਿਜੀਟਲ ਅਧਿਆਪਨ ਸਹਾਇਤਾ ਜਿਵੇ ਃ ਕਿ ਪ੍ਰੋਜੈਕਟਰ ਅਤੇ ਕੰਪਿਊਟਰ ਪ੍ਰਦਾਨ ਕਰਕੇ ਸਮਾਰਟ ਕਲਾਸ ਰੂਮਾਂ ਵਿਚ ਤਬਦੀਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਅਤੇ ਸਕੂਲਾਂ ਨੂੰ ਈ-ਲਰਨਿੰਗ ਦੀ ਸਹੂਲਤ ਲਈ 3502 ਟੈਬਲੇਟ ਪ੍ਰਦਾਨ ਕੀਤੇ ਗਏ ਹਨ।

92. ਮੇਰੀ ਸਰਕਾਰ ਦੁਆਰਾ ਇਸ ਦੇ ਪ੍ਰਾਇਮਰੀ ਸਕੂਲਾਂ ਵਿਚ ਸ਼ੁਰੂ ਕੀਤੀਆਂ ਗਈਆਂ ਪ੍ਰੀ-ਪ੍ਰਾਇਮਰੀ ਕਲਾਸਾਂ ਦੀ ਵਿਆਪਕ ਸ਼ਲਾਘਾ ਕੀਤੀ ਗਈ ਹੈ। 3.29 ਲੱਖ ਤੋਂ

ਵੱਧ ਬੱਚਿਆਂ ਨੇ 12,921 ਸਕੂਲਾਂ ਵਿੱਚ ਦਾਖਲਾ ਲਿਆ ਹੈ। ਇਸ ਨਾਲ ਸਿੱਖਿਆ ਦੀ ਗੁਣਵਤਾ ਵਿੱਚ ਸੁਧਾਰ ਲਈ ਹੋਰ ਉਪਾਵਾਂ ਦੇ ਨਾਲ-ਨਾਲ ਸਾਲ 2020-21 ਤੱਕ ਸਰਕਾਰੀ ਸਕੂਲਾਂ ਵਿੱਚ ਦਾਖਲਾ 14.9% ਤੱਕ ਵਧਾਉਣ ਵਿੱਚ ਮਦਦ ਮਿਲੀ ਹੈ।

93. ਮੇਰੀ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਵਸ ਦੇ ਮੌਕੇ ’ਤੇ ਪਟਿਆਲਾ ਵਿਖੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੀ ਸਥਾਪਨਾ ਕੀਤੀ। ਮਹਾਂਮਾਰੀ ਕਾਰਨ ਦਰਪੇਸ਼ ਚੁਣੌਤੀਆਂ ਦੇ ਬਾਵਜੂਦ ਯੂਨੀਵਰਸਿਟੀ ਕਾਰਜਸ਼ੀਲ ਹੋ ਗਈ ਹੈ। ਇਸੇ ਤਰ੍ਹਾਂ, ਪਟਿਆਲਾ ਵਿਖੇ ਸਪੋਰਟਸ ਯੂਨੀਵਰਸਿਟੀ ਅਤੇ ਗੁਰੂ ਤੇਗ ਬਹਾਦਰ ਸਟੇਟ ਲਾਅ ਯੂਨੀਵਰਸਿਟੀ, ਤਰਨਤਾਰਨ ਦੀ ਸਥਾਪਨਾ ਵੀ ਕੀਤੀ ਗਈ ਹੈ।

94. ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਰਾਜ ਵਿੱਚ 19 ਨਵੇਂ ਆਈ.ਟੀ.ਆਈ. ਸਥਾਪਤ ਕਰ ਰਿਹਾ ਹੈ। ਸਿਖਲਾਈ ਨੂੰ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਕੂਲ ਬਣਾਉਣ ਲਈ, ਸਿਖਲਾਈ ਦੀ ਦੋਹਰੀ ਪ੍ਰਣਾਲੀ ਦੇ ਤਹਿਤ ਲਗਭਗ 8500 ਸੀਟਾਂ ਬਣਾਈਆਂ ਗਈਆਂ ਹਨ। ਇਸਦੇ ਲਈ, ਵਿਭਾਗ ਨੇ ਨਾਮਵਰ ਉਦਯੋਗਾਂ ਜਿਵੇਂ ਕਿ ਹੀਰੋ ਸਾਈਕਲਸ, ਟ੍ਰਾਈਡੈਂਟ ਲਿਮਟਿਡ, ਏਵਨ ਸਾਈਕਲ, ਸਵਰਾਜ ਇੰਜਨ ਲਿਮਟਿਡ, ਮਹਿੰਦਰਾ ਐਂਡ ਮਹਿੰਦਰਾ, ਫੈਡਰਲ ਮੋਗੁਲ ਪਟਿਆਲਾ, ਗੋਦਰੇਜ ਐਂਡ ਬੁਆਇਸ ਲਿਮਟਿਡ ਮੁਹਾਲੀ, ਇੰਟਰਨੈਸ਼ਨਲ ਟਰੈਕਟਰਜ਼ ਲਿਮਟਿਡ (ਸੋਨਾਲੀਕਾ), ਆਦਿ ਨਾਲ ਸਮਝੌਤਾ ਕੀਤਾ ਹੈ।

95. ਇਸ ਤੋਂ ਇਲਾਵਾ, ਸਰਕਾਰੀ ਪੌਲੀਟੈਕਨਿਕਸ ਅਤੇ ਆਈ.ਟੀ.ਆਈ ਵਿਚ 2019-20 ਦੇ ਮੁਕਾਬਲੇ ਇਸ ਸਾਲ ਦਾਖਲਾ ਕ੍ਰਮਵਾਰ 45% ਅਤੇ 60% ਵਧਿਆ ਹੈ। ਇਸ ਤੋਂ ਇਲਾਵਾ, ਸਾਲ 2020-21 ਦੌਰਾਨ 37 ਹੁਨਰ ਵਿਕਾਸ ਕੇਂਦਰ ਸਥਾਪਤ ਕੀਤੇ ਗਏ ਹਨ, ਇਨ੍ਹਾਂ ਕੇਂਦਰਾਂ ਦੀ ਕੁੱਲ ਗਿਣਤੀ 322 ਹੋ ਗਈ ਹੈ। ਇਨ੍ਹਾਂ ਕੇਂਦਰਾਂ ਨੇ ਸਾਲ 2020-21 ਦੌਰਾਨ 30,000 ਨੌਜਵਾਨਾਂ ਨੂੰ ਹੁਨਰ ਸਿੱਖਲਾਈ ਦਿੱਤੀ ਹੈ।

96. ਮੇਰੀ ਸਰਕਾਰ ਦੇ ਨਿਰੰਤਰ ਯਤਨਾਂ ਸਦਕਾ, ਨਾਗਰਿਕ ਹਵਾਬਾਜ਼ੀ ਮੰਤਰਾਲੇ, ਭਾਰਤ ਸਰਕਾਰ ਅਤੇ ਭਾਰਤੀ ਹਵਾਈ ਫੌਜ ਨੇ 161 ਏਕੜ ਵਿਚ ਭਾਰਤੀ ਹਵਾਈ ਫੌਜ ਸਟੇਸ਼ਨ, ਹਲਵਾਰਾ ਵਿਖੇ ਅੰਤਰਰਾਸ਼ਟਰੀ ਸਿਵਲ ਅਤੇ ਕਾਰਗੋ ਟਰਮੀਨਲ ਦੀ ਉਸਾਰੀ ਲਈ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਮੰਤਵ ਲਈ ਜ਼ਮੀਨ ਐਕੁਆਇਰ ਕਰ ਲਈ ਗਈ ਹੈ।

97. ਮੇਰੀ ਸਰਕਾਰ ਨੇ ਪਟਿਆਲਾ ਏਵੀਏਸ਼ਨ ਕੰਪਲੈਕਸ (ਪੀ.ਏ.ਸੀ.) ਵਿਖੇ ਸਿਵਲ ਅਤੇ ਮਿਲਟਰੀ ਏਅਰਕਰਾਫਟ, ਏਅਰਕ੍ਰਾਫਟ ਇੰਜਨ ਦੇ ਹਿੱਸਿਆਂ ਅਤੇ ਏ ਵੀਓਨਿਕ ਹਿੱਸਿਆਂ ਦੇ ਇਲੈਕਟ੍ਰਾਨਿਕ ਅਤੇ ਮਕੈਨੀਕਲ ਸਮੂਹਾਂ ਲਈ ਸਥਾਪਨਾ, ਰੱਖ-ਰਖਾਅ ਅਤੇ ਓਵਰਹਾਲ (ਐਮ.ਆਰ.ਓ.) ਦੇ ਤਕਨੀਕੀ ਹੱਬ ਰਾਹੀਂ "ਸੈਂਟਰ ਆਫ਼ ਐਕਸੀਲੈਂਸ" ਵਿਕਸਤ ਕਰਨ ਦਾ ਵੀ ਫੈਸਲਾ ਕੀਤਾ ਹੈ। ਇਨ੍ਹਾਂ ਦੇ 31 ਮਾਰਚ 2021 ਤੱਕ ਕਾਰਜਸ਼ੀਲ ਹੋਣ ਦੀ ਉਮੀਦ ਹੈ। ਪਟਿਆਲਾ ਏਵੀਏਸ਼ਨ ਕੰਪਲੈਕਸ ਦਾ ਰਨਵੇ ਦੁਬਾਰਾ ਬਣਾਇਆ ਗਿਆ ਹੈ ਅਤੇ ਰਾਤ ਦੀ ਉਡਾਣ ਨੂੰ ਸਮਰੱਥ ਬਣਾਉਣ ਲਈ ਲਾਈਟਾਂ ਵੀ ਲਗਾਈਆਂ ਜਾ ਰਹੀਆਂ ਹਨ।

98. ਸਤਿਕਾਰਯੋਗ ਮੈਂਬਰ ਸਾਹਿਬਾਨ, ਪੇਂਡੂ ਬੁਨਿਆਦੀ ਢਾਂਚੇ ਦੀ ਉਸਾਰੀ ਦੀ ਮੰਗ ਵੀ ਬਹੁਤ ਵਿਆਪਕ ਹੈ, ਪਰ ਇਹ ਮਹਾਂਮਾਰੀ ਦੇ ਪਿਛਲੇ ਸਾਲ ਦੌਰਾਨ ਹੋਰ ਵਧੇਰੇ ਬੁਲੰਦ ਹੋਈ ਹੈ। ਮੇਰੀ ਸਰਕਾਰ ਨੇ ਆਪਣੀ ਦਿਹਾਤੀ ਤਬਦੀਲੀ ਦੀ ਰਣਨੀਤੀ ਨੂੰ ਦੁਬਾਰਾ ਉਦੇਸ਼ਿਤ ਕੀਤਾ ਹੈ ਜਿਸ ਨਾਲ ਸਥਾਨਕ ਪ੍ਰਸੰਗਿਕ ਢਾਂਚੇ ਦੇ ਵਿਕਾਸ ਅਤੇ ਵਧੇਰੇ ਸਥਾਨਕ ਨੌਕਰੀਆਂ ਦੀ ਸਿਰਜਣਾ ਉੱਤੇ ਸਪਸ਼ਟ ਧਿਆਨ ਦਿੱਤਾ ਜਾਵੇਗਾ। ਇਸ ਨੇ 752 ਕਰੋੜ ਰੁਪਏ ਦੇ ਖਰਚੇ ਨਾਲ 16,843 ਦਿਹਾਤੀ ਬੁਨਿਆਦੀ ਢਾਂਚੇ ਦੇ ਕੰਮਾਂ ਨੂੰ ਪੂਰਾ ਕਰਨ ਵਾਲੀ ਸਮਾਰਟ ਵਿਲੇਜ ਮੁਹਿੰਮ (ਐਸ.ਵੀ.ਸੀ.) ਦਾ ਪੜਾਅ -1 ਪੂਰਾ ਕਰ ਲਿਆ ਹੈ ਅਤੇ 2775 ਕਰੋੜ ਰੁਪਏ ਦੇ ਅਨੁਮਾਨਤ ਖਰਚੇ ਨਾਲ ਸਮਾਰਟ ਵਿਲੇਜ ਮੁਹਿੰਮ ਦਾ ਪੜਾਅ-2 ਸ਼ੁਰੂ ਕੀਤਾ ਹੈ। ਇਸ ਸਮੇਂ 13,000 ਤੋਂ ਵੱਧ ਪਿੰਡਾਂ ਵਿੱਚ 48,910 ਦਿਹਾਤੀ ਬੁਨਿਆਦੀ ਢਾਂਚੇ ਦੇ ਕੰਮ ਚੱਲ ਰਹੇ ਹਨ।

99. ਮੇਰੀ ਸਰਕਾਰ ਨੇ ਹੁਣ ਤੱਕ 3278 ਕਰੋੜ ਰੁਪਏ ਦੀ ਲਾਗਤ ਨਾਲ 28,815 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਹੈ। ਇਸ ਵੇਲੇ 834 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 6162 ਕਿਲੋਮੀਟਰ ਸੜਕਾਂ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ, ਅਤੇ 30 ਜੂਨ 2021 ਤੱਕ ਇਸ ਦੇ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਪੇਂਡੂ ਲਿੰਕ ਸੜਕਾਂ 'ਤੇ 1000 ਤੰਗ ਪੁਲੀਆਂ ਅਤੇ ਪੁਲਾਂ ਨੂੰ 216 ਕਰੋੜ ਰੁਪਏ ਖਰਚੇ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਇਹ ਕਾਰਜ 30.06.2021 ਤੱਕ ਪੂਰੇ ਹੋਣਗੇ।

100. ਇਸ ਤੋਂ ਇਲਾਵਾ ਮੇਰੀ ਸਰਕਾਰ ਨੇ 2600 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਵਿਦਿਅਕ ਸੰਸਥਾਵਾਂ, ਮੈਡੀਕਲ ਸਹੂਲਤਾਂ ਅਤੇ ਪੇਂਡੂ ਬਾਜ਼ਾਰਾਂ ਨੂੰ ਜੋੜਨ ਵਾਲੀਆਂ 3362 ਕਿਲੋਮੀਟਰ ਪੇਂਡੂ ਸੜਕਾਂ ਨੂੰ ਅਪਗ੍ਰੇਡ ਕਰਨ ਦੀ ਯੋਜਨਾ ਬਣਾਈ ਹੈ।

101. ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਦੇ ਤਹਿਤ ਰਾਜ ਨੇ 15 ਫਰਵਰੀ 2021 ਤੱਕ 1069 ਕਰੋੜ ਰੁਪਏ ਦਾ ਖਰਚਾ ਕੀਤਾ ਹੈ, ਜੋ ਹੁਣ ਤੱਕ ਦੀ ਸਭ ਤੋਂ ਵੱਧ ਰਕਮ ਹੈ। ਇਸ ਨਾਲ, 8.39 ਲੱਖ ਪਰਿਵਾਰਾਂ ਨੂੰ ਰੁਜ਼ਗਾਰ ਦੇਣ ਵਾਲੇ 3.20 ਕਰੋੜ ਕਾਰਜੀ-ਦਿਨ ਤਿਆਰ ਕੀਤੇ ਗਏ ਹਨ।

102. ਮੇਰੀ ਸਰਕਾਰ ਵੱਲੋਂ ਮਈ 2020 ਵਿੱਚ ਮਾਨਸੂਨ ਦੇ ਮੌਸਮ ਤੋਂ ਪਹਿਲਾਂ ਰਾਜ ਭਰ ਦੇ ਸਾਰੇ ਪਿੰਡ ਛੱਪੜਾਂ ਦੀ ਸਫਾਈ ਲਈ ਇੱਕ ਮੁਹਿੰਮ ਚਲਾਈ ਗਈ ਸੀ, ਅਤੇ 15,000 ਤੋਂ ਵੱਧ ਛੱਪੜਾਂ ਤੇ ਕੰਮ ਕੀਤੇ ਗਏ ਸਨ। ਇਨ੍ਹਾਂ ਵਿਚੋਂ 12,300 ਛੱਪੜਾਂ ਵਿਚ ਜਲ ਨਿਕਾਸੀ ਪੂਰੀ ਕੀਤੀ ਗਈ ਸੀ ਅਤੇ 7420 ਛੱਪੜਾਂ ਦੀ ਗਾਦ ਕੱਢੀ ਗਈ ਸੀ। ਇਸ ਨਾਲ ਨਾ ਸਿਰਫ ਕੋਵਿਡ-19 ਦੇ ਪ੍ਰਭਾਵ ਅਧੀਨ ਗਰੀਬ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਮਿਲੇ ਹਨ, ਸਗੋਂ ਪਿੰਡਾਂ ਦੀ ਸਵੱਛਤਾ ਵਿੱਚ ਵੀ ਕਾਫ਼ੀ ਸੁਧਾਰ ਹੋਇਆ ਹੈ।

103. ਇਸ ਤੋਂ ਇਲਾਵਾ, ਪਿੰਡਾਂ ਵਿਚ ਗੰਦੇ ਪਾਣੀ ਦੇ ਨਿਪਟਾਰੇ ਦੇ ਮੁੱਦੇ ਨੂੰ ਹੱਲ ਕਰਨ ਲਈ, ਛੱਪੜਾਂ ਦੇ ਮੁੜ ਸੁਰਜੀਤੀ ਅਤੇ ਮੁੜ ਤਿਆਰੀ ਲਈ ਇਕ ਵਿਸ਼ੇਸ਼ ਮੁਹਿੰਮ

ਚਲਾਈ ਗਈ ਹੈ। ਇਸ ਉਪਰਾਲੇ ਵਿੱਚ 50 ਕਰੋੜ ਰੁਪਏ ਦੀ ਲਾਗਤ ਨਾਲ ਤਕਰੀਬਨ 190 ਕਾਰਜ ਅਰੰਭੇ ਗਏ ਹਨ।

104. ਮੇਰੀ ਸਰਕਾਰ ਦਾ ਸਭ ਤੋਂ ਵੱਡਾ ਜ਼ੋਰ ਰਾਜ ਦੇ ਨਾਗਰਿਕਾਂ ਦੀ ਸਿਹਤ ਅਤੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਤੇ ਹੈ, ਅਤੇ ਇਸ ਦਿਸ਼ਾ ਵਿਚ ਰਾਜ ਦੇ ਸਾਰੇ ਪੇਂਡੂ ਘਰਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸੈਨੀਟੇਸ਼ਨ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ ਇਕ ਮਹੱਤਵਪੂਰਨ ਕਦਮ ਹੈ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ, ਮੇਰੀ ਸਰਕਾਰ ਨੇ ''ਹਰ ਘਰ ਪਾਣੀ, ਹਰ ਘਰ ਸਫਾਈ ਮਿਸ਼ਨ'' ਸ਼ੁਰੂ ਕੀਤਾ ਸੀ। ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਪੇਂਡੂ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸੈਨੀਟੇਸ਼ਨ ਦੇ ਵਿਕਾਸ ਉੱਤੇ ਪਹਿਲਾਂ ਹੀ 1450 ਕਰੋੜ ਰੁਪਏ ਖਰਚ ਕੀਤੇ ਜਾਣ ਤੋਂ ਬਾਅਦ, ਸਰਕਾਰ ਨੇ ਸਾਲ 2020-21 ਵਿਚ ਇਸ ਮੰਤਵ ਲਈ 1900 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ।

105. ਮੇਰੀ ਸਰਕਾਰ ਦਿਹਾਤੀ ਅਬਾਦੀ ਦੇ 99.5% ਨੂੰ ਪਾਈਪ ਵਾਲੇ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਇੱਕ ਸਰੋਤ ਪਹਿਲਾਂ ਹੀ ਪ੍ਰਦਾਨ ਕਰ ਚੁੱਕੀ ਹੈ। ਹੁਣ ਇਸ ਦਾ ਧਿਆਨ 31 ਮਾਰਚ, 2022 ਤੱਕ ਪੀਣ ਵਾਲੇ ਪਾਣੀ ਨੂੰ ਹਰੇਕ ਪੇਂਡੂ ਪਰਿਵਾਰ ਤੱਕ ਪਹੁੰਚਾਏ ਜਾਣ ਨੂੰ ਯਕੀਨੀ ਬਣਾਉਣ ਤੇ ਕੇਂਦਰਿਤ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ, 24.86 ਲੱਖ ਪੇਂਡੂ ਘਰਾਂ ਨੂੰ ਪਾਈਪ ਵਾਲੇ ਪਾਣੀ ਦੀ ਸਪਲਾਈ ਪਹਿਲਾਂ ਹੀ ਮੁਹੱਈਆ ਕਰਵਾਈ ਜਾ ਚੁੱਕੀ ਹੈ, ਅਤੇ ਕੋਵਿਡ-19 ਦੇ ਕਾਰਨ ਲਾੱਕਡਾਊਨ ਦੇ ਬਾਵਜੂਦ ਇਸ ਸਾਲ 7 ਲੱਖ ਤੋਂ ਵੱਧ ਕੁਨੈਕਸ਼ਨ ਦਿੱਤੇ ਗਏ ਹਨ। ਮੌਜੂਦਾ ਸਮੇਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਵਾਲੇ ਪੇਂਡੂ ਘਰਾਂ ਦੀ ਕੁੱਲ ਕਵਰੇਜ 71% ਹੈ।

106. ਪੇਂਡੂ ਖੇਤਰਾਂ ਵਿਚ ਪਾਣੀ ਦੀ ਸਪਲਾਈ ਨੂੰ ਲੰਬੇ ਸਮੇਂ ਤੱਕ ਟਿਕਾਊ ਬਣਾਉਣ ਲਈ, ਮੇਰੀ ਸਰਕਾਰ ਨੇ ਧਰਤੀ ਹੇਠਲੇ ਪਾਣੀ ਤੇ ਅਧਾਰਤ ਜਲ ਸਪਲਾਈ ਸਕੀਮਾਂ ਦੀ ਬਜਾਏ ਰਾਜ ਦੀਆਂ ਸਤਹੀ-ਜਲ ਅਧਾਰਤ ਪੀਣਯੋਗ ਪਾਣੀ ਦੀਆਂ ਸਕੀਮਾਂ, ਖਾਸ ਕਰਕੇ ਗੁਣਵੱਤਾ ਪ੍ਰਭਾਵਿਤ ਅਤੇ ਪਾਣੀ ਦੀ ਘਾਟ ਵਾਲੇ ਇਲਾਕਿਆਂ ਵਿਚ,

'ਤੇ ਵਧੇਰੇ ਧਿਆਨ ਕੇਂਦਰਿਤ ਕਰਨ ਦਾ ਫੈਸਲਾ ਕੀਤਾ ਹੈ।

107. ਜ਼ਿਲ੍ਹਾ ਰੂਪਨਗਰ ਦੇ ਨੂਰਪੁਰ ਬੇਦੀ ਬਲਾਕ ਦੇ ਗੁਣਵੱਤਾ ਪ੍ਰਭਾਵਿਤ 39 ਪਿੰਡਾਂ ਨੂੰ ਕਵਰ ਕਰਨ ਵਾਲੀ ਇਕ ਸਤਹ ਜਲ ਸਪਲਾਈ ਸਕੀਮ 25 ਕਰੋੜ ਰੁਪਏ ਦੀ ਲਾਗਤ ਨਾਲ 2019 ਵਿਚ ਸ਼ੁਰੂ ਕੀਤੀ ਗਈ ਸੀ, ਅਤੇ ਜ਼ਿਲ੍ਹਾ ਮੋਗਾ ਦੇ ਬਾਘਾ ਪੁਰਾਣਾ ਅਤੇ ਨਿਹਾਲ ਸਿੰਘ ਵਾਲਾ ਦੇ ਗੁਣਵੱਤਾ ਪ੍ਰਭਾਵਿਤ ਬਲਾਕਾਂ ਦੇ 85 ਪਿੰਡਾਂ ਨੂੰ ਕਵਰ ਕਰਨ ਵਾਲਾ ਇਕ ਹੋਰ ਬਹੁ-ਪੇਂਡੂ ਸਤਹ ਜਲ ਸਪਲਾਈ ਪ੍ਰਾਜੈਕਟ ਹਾਲ ਹੀ ਵਿੱਚ 220 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਜ਼ਿਲ੍ਹਾਂ ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਦੇ ਪ੍ਰਭਾਵਿਤ ਇਲਾਕਿਆਂ ਵਿੱਚ 383 ਕਰੋੜ ਰੁਪਏ ਦੀ ਲਾਗਤ ਵਾਲੀਆਂ 3 ਨਵੀਆਂ ਵੱਡੇ ਪੱਧਰ ਦੀਆਂ ਬਹੁ-ਪੇਂਡੂ ਸਤਹ ਜਲ ਸਪਲਾਈ ਸਕੀਮਾਂ ਦਾ ਕੰਮ ਸ਼ੁਰੂ ਹੋ ਚੁਕਿਆ ਹੈ ਜਿਸ ਦੇ ਤਹਿਤ 408 ਪਿੰਡਾਂ ਵਿਚ 4.95 ਲੱਖ ਦੀ ਅਬਾਦੀ ਕਵਰ ਕੀਤੀ ਗਈ ਹੈ। ਇਸ ਪ੍ਰਾਜੈਕਟ ਦੇ ਦਸੰਬਰ, 2022 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

108. ਮੇਰੀ ਸਰਕਾਰ 60 ਕਰੋੜ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ 236 ਆਰਸੈਨਿਕ ਪ੍ਰਭਾਵਿਤ ਪਿੰਡਾਂ ਵਿੱਚ ਆਈਆਈਟੀ ਮਦਰਾਸ ਦੀ ਨੈਨੋ-ਮੈਟੀਰੀਅਲ ਆਰਸੈਨਿਕ ਐਡਰਸੋਰਪਨ ਟੈਕਨਾਲੋਜੀ 'ਤੇ ਅਧਾਰਤ 188 ਆਰਸੈਨਿਕ ਅਤੇ ਆਇਰਨ ਰਿਮੂਵਲ ਪਲਾਂਟ (ਏਆਈਆਰਪੀ) ਸਥਾਪਤ ਕਰ ਰਹੀ ਹੈ।

109. ਮੇਰੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ 3.9 ਲੱਖ ਪਖਾਨੇ ਬਣਾਏ ਹਨ ਜਦੋਂ ਕਿ ਪਿਛਲੇ ਦਸ ਸਾਲਾਂ ਦੌਰਾਨ 1.57 ਲੱਖ ਪਖਾਨੇ ਬਣਾਏ ਗਏ ਸਨ। ਰਾਜ ਹੁਣ ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਖੁੱਲ੍ਹੇ ਵਿਚ ਸ਼ੋਚ ਤੋਂ ਮੁਕਤ ਹੈ। ਕੁਲ ਮਿਲਾ ਕੇ, ਮੇਰੀ ਸਰਕਾਰ ਨੇ ਦਿਹਾਤੀ ਪੰਜਾਬ ਨੂੰ ਖੁੱਲੇ ਵਿਚ ਸ਼ੋਚ ਤੋਂ ਮੁਕਤ ਬਣਾਉਣ ਲਈ 5.75 ਲੱਖ ਪੇਂਡੂ ਲਾਭਪਾਤਰੀਆਂ ਨੂੰ ਘਰੇਲੂ ਪਖਾਨੇ ਬਣਾਉਣ ਲਈ 863 ਕਰੋੜ ਰੁਪਏ ਮੁਹੱਈਆ ਕਰਵਾਏ ਹਨ।

110. ਪੰਜਾਬ ਦੇਸ਼ ਦਾ ਪਹਿਲਾ ਰਾਜ ਘੋਸ਼ਿਤ ਕੀਤਾ ਗਿਆ ਹੈ ਜਿਸ ਨੇ 5.77 ਕਰੋੜ

ਰੁਪਏ ਦੀ ਲਾਗਤ ਨਾਲ ਸਾਰੇ ਪੇਂਡੂ ਸਕੂਲਾਂ ਨੂੰ ਪਾਈਪਾਂ ਰਾਹੀਂ ਪਾਣੀ ਦੀ ਸਪਲਾਈ ਕੁਨੈਕਸ਼ਨਾਂ ਨਾਲ ਜੋੜਿਆ ਹੈ। ਇਸੇ ਤਰ੍ਹਾਂ ਰਾਜ ਵਿਚ ਪੇਂਡੂ ਸਕੂਲਾਂ ਅਤੇ ਆਂਗਣਵਾੜੀਆਂ ਵਿਚ ਲਗਭਗ 8500 ਪਖਾਨੇ ਬਣਾਉਣ ਤੇ 38 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਬੱਚੇ ਸੁਰੱਖਿਅਤ ਅਤੇ ਸਿਹਤਮੰਦ ਹੋਣ ਅਤੇ ਉਨ੍ਹਾਂ ਦੇ ਸ਼ੁਰੂਆਤੀ ਸਾਲਾਂ ਵਿੱਚ ਚੰਗੀ ਸਿਹਤ ਅਤੇ ਸਫਾਈ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਿਆ ਜਾਵੇ, ਨੂੰ ਯਕੀਨੀ ਬਣਾਉਣਾ ਹੈ।

111. ਮੇਰੀ ਸਰਕਾਰ ਦੁਆਰਾ ਸਾਲ 2018 ਵਿੱਚ ਸਭ ਤੋਂ ਪੀੜਤ ਅਤੇ ਕਮਜ਼ੋਰ ਅਬਾਦੀ ਦੇ ਸਰਵਪੱਖੀ ਵਿਕਾਸ ਦੇ ਇਕੋ ਇੱਕ ਮੰਤਵ ਨਾਲ ਸ਼ੁਰੂ ਕੀਤੀ ਗਈ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ (ਐੱਮਜੀਐੱਸਵੀਵਾਈ) ਬਹੁਤ ਹੱਦ ਤੱਕ ਸਫਲ ਰਹੀ ਹੈ। ਸਰਬੱਤ ਵਿਕਾਸ ਕੈਂਪਾਂ ਵਿਚ ਹਿੱਸਾ ਲੈਣ ਵਾਲੇ 11.05 ਲੱਖ ਵਿਅਕਤੀਆਂ ਨੂੰ ਹੁਣ ਤਕ ਸਰਕਾਰ ਦੇ ਵੱਖ-ਵੱਖ ਸਮਾਜਿਕ-ਆਰਥਿਕ ਪ੍ਰੋਗਰਾਮਾਂ ਤਹਿਤ ਲੋੜੀਂਦੀ ਰਾਹਤ ਅਤੇ ਲਾਭ ਪ੍ਰਾਪਤ ਹੋਏ ਹਨ।

112. ਉਨ੍ਹਾਂ ਕਿਸਾਨਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਜਿਹੜੇ 12 ਸਾਲ ਜਾਂ ਇਸ ਤੋਂ ਵੱਧ ਸਮੇ ਂ ਲਈ ਸਰਕਾਰੀ ਜ਼ਮੀਨ ਤੇ ਖੇਤੀ ਕਰ ਰਹੇ ਹਨ, ਲਈ ਮੇਰੀ ਸਰਕਾਰ ਨੇ' 'ਪੰਜਾਬ (ਭੌਂ ਰਹਿਤ ਹਾਸ਼ੀਏ ਤੇ ਅਤੇ ਛੋਟੇ ਕਿੱਤੇ ਵਾਲੇ ਕਿਸਾਨਾਂ ਦੀ ਭਲਾਈ ਅਤੇ ਵਾਸ ਭੂਮੀ ਐਕਟ, 2020) ਲਾਗੂ ਕੀਤਾ ਹੈ। ਇਸ ਐਕਟ ਦਾ ਉਦੇਸ਼ ਉਕਤ ਲੋਕਾਂ ਨੂੰ ਘੱਟੋ ਘੱਟ ਕੀਮਤ ਦੀ ਅਦਾਇਗੀ 'ਤੇ ਮਾਲਕੀ ਅਧਿਕਾਰ ਮੁਹੱਈਆ ਕਰਵਾਉਣਾ ਹੈ।

113. ਬਦਕਿਸਮਤੀ ਨਾਲ, ਦੇਸ਼ ਦੇ ਕਿਸੇ ਵੀ ਹੋਰ ਰਾਜ ਦੇ ਮੁਕਾਬਲੇ ਪੰਜਾਬ ਵਿਚ ਸਰਬੋਤਮ ਜ਼ਮੀਨੀ ਰਿਕਾਰਡ ਹੋਣ ਦੇ ਬਾਵਜੂਦ, ਸਾਡੇ ਕੋਲ ਰਿਹਾਇਸ਼ੀ ਮਕਾਨਾਂ ਅਤੇ ਪਿੰਡਾਂ ਵਿਚ "ਲਾਲ ਲਕੀਰ" ਵਿਚ ਸਥਿਤ ਜ਼ਮੀਨਾਂ ਦੇ ਜ਼ਮੀਨੀ ਰਿਕਾਰਡ ਨਹੀਂ ਹਨ। ਇਸ ਤਰ੍ਹਾਂ ਪਿੰਡਾਂ ਦੇ ਵਸਨੀਕਾਂ ਕੋਲ ਉਨ੍ਹਾਂ ਦੀਆਂ ਜਾਇਦਾਦਾਂ ਦਾ ਕੋਈ ਮਾਲਕੀਅਤ ਰਿਕਾਰਡ ਨਹੀਂ ਹੈ ਅਤੇ ਨਤੀਜੇ ਵਜੋਂ, ਉਹ ਨਾ ਤਾਂ ਮੁਦਰੀਕਰਨ

ਕਰ ਸਕਦੇ ਹਨ ਅਤੇ ਨਾ ਹੀ ਕਿਸੇ ਰਸਮੀ ਜਾਂ ਗੈਰ-ਰਸਮੀ ਢੰਗ ਦੇ ਸਿਵਾਏ ਇਸ ਨੂੰ ਕਿਸੇ ਹੋਰ ਉਦੇਸ਼ ਲਈ ਤਬਦੀਲ ਕਰ ਸਕਦੇ ਹਨ। ਮੇਰੀ ਸਰਕਾਰ ਨੇ ਹੁਣ ਪੇਂਡੂ ਖੇਤਰਾਂ ਦੇ ਉਨ੍ਹਾਂ ਸਥਾਈ ਵਸਨੀਕਾਂ ਦੇ ਮਾਲਕੀ ਅਧਿਕਾਰਾਂ ਦੀ ਪੁਸ਼ਟੀ ਕਰਨ ਅਤੇ ਉਨ੍ਹਾਂ ਨੂੰ ਇਕ ਨਵਾਂ ਕਾਨੂੰਨ ਬਣਾ ਕੇ ਕਾਨੂੰਨੀ ਮਾਲਕੀ ਸਰਟੀਫਿਕੇਟ ਜਾਰੀ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧ ਵਿੱਚ, ਕੰਮ ਨੂੰ ਸਮਾਂ-ਬੱਧ ਤਰੀਕੇ ਨਾਲ ਪੂਰਾ ਕਰਨ ਲਈ 'ਮਿਸ਼ਨ ਲਾਲ ਲਕੀਰ' ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।

114. ਮੇਰੀ ਸਰਕਾਰ ਸ਼ਹਿਰੀ ਖੇਤਰਾਂ ਦੇ ਸਰਵਪੱਖੀ ਵਿਕਾਸ ਲਈ ਵੀ ਬਰਾਬਰ ਵਚਨਬੱਧ ਹੈ। ਅਟਲ ਮਿਸ਼ਨ ਫਾਰ ਪੁਨਰ ਉਭਾਰ ਅਤੇ ਸ਼ਹਿਰੀ ਤਬਦੀਲੀ - ਅਮ੍ਰਤ ਮਿਸ਼ਨ ਦੇ ਤਹਿਤ, ਮੇਰੀ ਸਰਕਾਰ ਰਾਜ ਦੇ 16 ਕਸਬਿਆਂ ਵਿਚ 2785 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਚਲਾ ਰਹੀ ਹੈ, ਜਿਸ ਵਿਚ ਜਲੰਧਰ ਅਤੇ ਪਟਿਆਲਾ ਵਿਚ 24×7 ਸਤਹ ਜਲ ਸਪਲਾਈ ਯੋਜਨਾਵਾਂ, ਲੁਧਿਆਣਾ ਵਿਚ ਬੁੱਢੇ ਨਾਲੇ ਅਤੇ ਪਟਿਆਲੇ ਵਿਚ ਵੱਡੀ ਨਦੀ ਅਤੇ ਛੋਟੀ ਨਦੀ ਦਾ ਨਵੀਨੀਕਰਣ ਸ਼ਾਮਲ ਹੈ।

115 . ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਦੇ ਸ਼ਹਿਰਾਂ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ ਅਤੇ ਇਕ ਵਿਸ਼ੇਸ਼ ਮਾਮਲੇ ਵਜੋਂ ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਵੀ ਸਮਾਰਟ ਸਿਟੀ ਦਾ ਦਰਜਾ ਦਿੱਤਾ ਗਿਆ ਹੈ। ਇਸ ਮਿਸ਼ਨ ਤਹਿਤ ਮੇਰੀ ਸਰਕਾਰ 1216 ਕਰੋੜ ਰੁਪਏ ਦੇ ਕੰਮ ਕਰ ਰਹੀ ਹੈ।

116. ਸਤਿਕਾਰਯੋਗ ਮੈਂਬਰ ਸਾਹਿਬਾਨ, ਪੰਜਾਬ ਦੇ ਸਾਰੇ 163 ਕਸਬਿਆਂ ਅਤੇ ਸ਼ਹਿਰਾਂ ਨੂੰ 2 ਅਕਤੂਬਰ, 2018 ਨੂੰ ਭਾਰਤ ਸਰਕਾਰ ਦੇ ਸ਼ਹਿਰੀ ਆਵਾਸ ਮੰਤਰਾਲੇ ਦੁਆਰਾ ਖੁੱਲੇ ਵਿਚ ਸ਼ੋਚ ਮੁਕਤ ਘੋਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਇਨ੍ਹਾਂ ਵਿੱਚੋਂ 84 ਕਸਬੇ ਅਤੇ ਸ਼ਹਿਰਾਂ ਨੂੰ ਓਡੀਐਫ + ਅਤੇ 48 ਨੂੰ ਓਡੀਐਫ ++ ਸ਼ਹਿਰਾਂ ਵਜੋਂ ਪ੍ਰਮਾਣਿਤ ਕੀਤਾ ਗਿਆ ਹੈ, ਜੋ ਉੱਚ ਪੱਧਰੀ ਤੀਜੀ ਧਿਰ ਦੇ ਪ੍ਰਮਾਣੀਕਰਣ ਹਨ। ਬਾਕੀ ਰਹਿੰਦੇ 31 ਕਸਬੇ ਅਤੇ ਸ਼ਹਿਰਾਂ ਨੂੰ ਵੀ ਜਲਦੀ ਹੀ

ਓਡੀਐਫ + / ਓਡੀਐਫ ++ ਦੇ ਤੌਰ ਤੇ ਪ੍ਰਮਾਣਿਤ ਕੀਤੇ ਜਾਣ ਦੀ ਉਮੀਦ ਹੈ।

117. ਮੇਰੀ ਸਰਕਾਰ ਨੇ ਜਲ ਸਪਲਾਈ, ਸੀਵਰੇਜ ਅਤੇ ਐਸਟੀਪੀ ਪ੍ਰਦਾਨ ਕਰਨ ਲਈ 133 ਕਸਬਿਆਂ ਵਿੱਚ ਇੱਕ ਸ਼ਹਿਰੀ ਮਿਸ਼ਨ ਪ੍ਰੋਜੈਕਟ ਦੀ ਸ਼ੁਰੂਆਤ ਸਾਲ 2018 ਵਿੱਚ ਕੀਤੀ ਸੀ। 2108 ਕਰੋੜ ਰੁਪਏ ਦੀ ਕੁੱਲ ਪ੍ਰਾਜੈਕਟ ਦੀ ਲਾਗਤ ਵਿਚੋਂ, ਤਕਰੀਬਨ 1945 ਕਰੋੜ ਰੁਪਏ ਦੇ ਪ੍ਰੋਜੈਕਟ ਲਾਗੂਕਰਣ ਅਧੀਨ ਹਨ, ਅਤੇ ਇਨ੍ਹਾਂ ਦੀ 31.12.2021 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਇਸ ਪ੍ਰਾਜੈਕਟ ਤਹਿਤ 451 ਕਿਲੋਮੀਟਰ ਜਲ ਸਪਲਾਈ ਲਾਈਨਾਂ, 871 ਕਿਲੋਮੀਟਰ ਸੀਵਰੇਜ ਪਾਈਪਾਂ ਅਤੇ 411 ਐਮਐਲਡੀ ਦੇ 26 ਸੀਵਰੇਜ ਟਰੀਟਮੈਂਟ ਪਲਾਂਟ ਪਹਿਲਾਂ ਹੀ ਸਥਾਪਤ ਕੀਤੇ ਜਾ ਚੁੱਕੇ ਹਨ।

118. ਮੇਰੀ ਸਰਕਾਰ ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਨਹਿਰ ਅਧਾਰਤ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰੋਜੈਕਟ ਵੀ ਅਮ੍ਰਿਤਸਰ ਅਤੇ ਲੁਧਿਆਣਾ ਵਿੱਚ ਲਾਗੂ ਕਰ ਰਹੀ ਹੈ। ਇਨ੍ਹਾਂ ਪ੍ਰਾਜੈਕਟਾਂ 'ਤੇ ਲਗਭਗ 1928 ਕਰੋੜ ਰੁਪਏ ਦੀ ਲਾਗਤ ਆਉਣ ਦੀ ਸੰਭਾਵਨਾ ਹੈ।

119. ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ (ਪੀ.ਯੂ.ਈ.ਆਈ.ਪੀ.) ਦੇ ਪਹਿਲੇ ਪੜਾਅ ਤਹਿਤ, 298 ਕਰੋੜ ਰੁਪਏ ਦੀ ਲਾਗਤ ਨਾਲ ਸਥਾਨਕ ਖੇਤਰ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿਚੋਂ 169 ਕਰੋੜ ਰੁਪਏ ਦੇ ਕੰਮ ਮੁਕੰਮਲ ਹੋ ਚੁੱਕੇ ਹਨ। ਪੀ.ਯੂ.ਈ.ਆਈ.ਪੀ. ਦਾ ਫੇਸ-ਜਜ ਸਾਲ 2021 ਵਿਚ ਸ਼ੁਰੂ ਕੀਤਾ ਗਿਆ ਸੀ, ਜਿਸ ਵਿਚ 1098 ਕਰੋੜ ਰੁਪਏ ਦੇ 4216 ਕੰਮ ਰਾਜ ਵਿਚ 163 ਯੂ.ਐੱਲ.ਬੀ. ਵਿਚ ਲਾਗੂ ਹਨ।

120. ਰਾਜ ਦੇ ਕਸਬਿਆਂ ਅਤੇ ਸ਼ਹਿਰਾਂ ਦੇ ਝੁੱਗੀ ਝੌਂਪੜੀ ਵਾਲੇ ਇਲਾਕਿਆਂ ਵਿਚ ਰਹਿਣ ਵਾਲੇ ਉਨ੍ਹਾਂ ਸਾਰਿਆਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕਰਨ ਲਈ, ਮੇਰੀ ਸਰਕਾਰ ਨੇ "ਪੰਜਾਬ ਸਲੱਮ ਵਸਨੀਕ (ਮਾਲਕੀ ਅਧਿਕਾਰ) ਐਕਟ, 2020" ਸਿਰਲੇਖ ਅਧੀਨ ਇਕ ਨਵਾਂ ਕਾਨੂੰਨ ਬਣਾਇਆ ਹੈ। ਇਸ ਐਕਟ ਨੂੰ ਲਾਗੂ ਕਰਨ ਦੀ ਸ਼ੁਰੂਆਤ 'ਬਸੇਰਾ' ਨਾਮ ਦੀ ਇੱਕ ਨਵੀਂ ਯੋਜਨਾ ਦੀ ਸ਼ੁਰੂਆਤ ਨਾਲ ਹੋਈ ਹੈ

ਅਤੇ, ਅਸੀਂ ਉਮੀਦ ਕਰਦੇ ਹਾਂ ਕਿ ਮੌਜੂਦਾ ਸਾਲ ਦੌਰਾਨ ਰਾਜ ਵਿੱਚ ਰਹਿੰਦੇ ਇੱਕ ਲੱਖ ਝੁੱਗੀ ਝੌਂਪੜੀ ਵਾਲਿਆਂ ਨੂੰ ਮਾਲਕੀ ਅਧਿਕਾਰ ਦਿੱਤੇ ਜਾਣਗੇ।

121. ਮੇਰੀ ਸਰਕਾਰ ਨੇ ਰਾਜ ਵਿੱਚ ਮਿਊਂਸਪਲ ਜਾਇਦਾਦਾਂ ਦੇ ਨਿਰਪੱਖ ਅਤੇ ਢੁਕਵੇਂ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ "ਪੰਜਾਬ ਮੈਨੇਜਮੈਂਟ ਐਂਡ ਟ੍ਰਾਂਸਫਰ ਆਫ਼ ਮਿਊਂਸਪਲ ਪ੍ਰਾਪਰਟੀ ਐਕਟ, 2020" ਸਿਰਲੇਖ ਅਧੀਨ ਨਵਾਂ ਕਾਨੂੰਨ ਬਣਾਇਆ ਹੈ। ਇਸ ਐਕਟ ਵਿਚ ਉਨ੍ਹਾਂ ਕਿੱਤੇਦਾਰਾਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕਰਨ ਦੀ ਵੀ ਕਲਪਨਾ ਕੀਤੀ ਗਈ ਹੈ ਜਿਹੜੇ 12 ਸਾਲਾਂ ਜਾਂ ਇਸ ਤੋਂ ਵੱਧ ਸਮੇਂ ਤੋਂ ਨਗਰ ਨਿਗਮ ਦੀਆਂ ਜਾਇਦਾਦਾਂ ਤੇ ਕੰਮ ਕਰ ਰਹੇ ਹਨ। ਇਸਦਾ ਉਦੇਸ਼ ਰਾਜ ਦੇ ਮਿਊਂਸਪਲ ਕਸਬਿਆਂ ਵਿੱਚ ਛੋਟੇ ਅਤੇ ਸੀਮਾਂਤ ਕਾਰੋਬਾਰਾਂ ਦੀ ਰੋਜ਼ੀ ਰੋਟੀ ਨੂੰ ਸੁਰੱਖਿਅਤ ਕਰਨਾ ਹੈ।

122. ਉਦਯੋਗਿਕ ਅਤੇ ਰਿਹਾਇਸ਼ੀ ਜਾਇਦਾਦਾਂ ਦੇ ਵਿਕਾਸ ਲਈ, ਮੇਰੀ ਸਰਕਾਰ ਦੁਆਰਾ ਇੱਕ ਨਵੀਂ ਅਤੇ ਵਧੇਰੇ ਪ੍ਰਗਤੀਸ਼ੀਲ ਲੈਂਡ ਪੂਲਿੰਗ ਨੀਤੀ ਬਣਾਈ ਗਈ ਹੈ। ਇਸ ਨੀਤੀ ਦੇ ਤਹਿਤ, ਰਿਹਾਇਸ਼ੀ ਉਦੇਸ਼ਾਂ ਲਈ ਐਕਵਾਇਰ ਕੀਤੀ ਜਾਣ ਵਾਲੀ ਹਰ ਇਕ ਏਕੜ ਜ਼ਮੀਨ ਲਈ, 1000 ਵਰਗ ਗਜ ਰਿਹਾਇਸ਼ੀ ਪਲਾਟ ਅਤੇ 200 ਵਰਗ ਗਜ ਵਪਾਰਕ ਜ਼ਮੀਨ ਦੀ ਜ਼ਿੰਮੀਦਾਰਾਂ ਨੂੰ ਪੇਸ਼ਕਸ਼ ਕੀਤੀ ਜਾਏ ਗੀ। ਇਸੇ ਤਰ੍ਹਾਂ ਉਦਯੋਗਿਕ ਇਸਟੇਟ ਦੇ ਵਿਕਾਸ ਲਈ 1 ਏਕੜ ਜ਼ਮੀਨ ਦੇ ਐਕਵਾਇਰ ਲਈ 1100 ਵਰਗ ਫੁੱਟ ਉਦਯੋਗਿਕ ਪਲਾਟ ਅਤੇ 200 ਵਰਗ ਗਜ਼ ਵਪਾਰਕ ਜ਼ਮੀਨ ਜ਼ਿੰਮੀਦਾਰਾਂ ਨੂੰ ਦਿੱਤੀ ਜਾਵੇਗੀ।

123. ਕੋਵਿਡ-19 ਮਹਾਂਮਾਰੀ ਦੇ ਮਾੜੇ ਪ੍ਰਭਾਵ ਨੂੰ ਘੱਟ ਕਰਨ ਲਈ, ਮੇਰੀ ਸਰਕਾਰ ਨੇ ਰਾਜ ਦੇ ਸ਼ਹਿਰੀ ਵਿਕਾਸ ਅਥਾਰਟੀਆਂ ਦੁਆਰਾ ਜ਼ਮੀਨ ਦਾ ਵਿਕਾਸ ਕਰਨ ਵਾਲਿਆਂ ਅਤੇ ਅਲਾਟੀਆਂ ਨੂੰ ਕਈ ਰਾਹਤਾਂ ਦਿੱਤੀਆਂ ਹਨ। ਇਨ੍ਹਾਂ ਵਿੱਚ ਨਿਲਾਮੀ ਦੀਆਂ ਜਾਇਦਾਦਾਂ ਉੱਤੇ ਵਿਆਜ ਦੀ ਛੋਟ, ਕਿਸ਼ਤਾਂ ਦਾ ਮੁੜ ਨਿਰਧਾਰਨ ਅਤੇ ਨਿਰਮਾਣ ਦੀ ਮਿਆਦ ਵਿੱਚ ਵਾਧਾ ਸ਼ਾਮਲ ਹੈ। ਡਿਵੈਲਪਰਾਂ ਨੂੰ ਇੱਕ ਮਾਫੀ ਸਕੀਮ ਦੀ ਪੇਸ਼ਕਸ਼ ਕੀਤੀ ਗਈ ਸੀ ਜਿਨ੍ਹਾਂ ਨੇ ਈਡੀਸੀ ਅਤੇ ਹੋਰ

ਖਰਚਿਆਂ ਦੀ ਅਦਾਇਗੀ ਨਹੀਂ ਕੀਤੀ ਸੀ।

124. ਮੇਰੀ ਸਰਕਾਰ ਨੂੰ ਰਾਜ ਦੇ ਗਰੀਬ ਅਤੇ ਪਛੜੇ ਲੋਕਾਂ ਲਈ ਵਚਨਬੱਧਤਾ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ। ਬਦਕਿਸਮਤੀ ਨਾਲ, ਭਾਰਤ ਸਰਕਾਰ ਗਰੀਬ ਅਤੇ ਪਛੜੇ ਸਮੂਹਾਂ ਲਈ ਉਦੇਸ਼ਤ ਪ੍ਰੋਗਰਾਮਾਂ ਲਈ ਉਦਾਰ ਫੰਡ ਮੁਹੱਈਆ ਕਰਾਉਣ ਵਿਚ ਝਿਜਕ ਰਹੀ ਹੈ। ਇਸ ਨੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਮਾਰਚ 2017 ਵਿੱਚ ਰਾਜ ਦੀ ਦੇਣਦਾਰੀ ਵਿਚ ਤਬਦੀਲ ਕਰਕੇ ਵਾਪਸ ਲੈ ਲਈ ਸੀ। ਇਸ ਤਰ੍ਹਾਂ ਪੰਜਾਬ ਦੀ ਦੇਣਦਾਰੀ 60 ਕਰੋੜ ਰੁਪਏ ਤੋਂ ਵੱਧ ਕੇ ਸਾਲਾਨਾ 800 ਕਰੋੜ ਰੁਪਏ ਹੋ ਗਈ ਹੈ। ਇਸ ਨੇ ਰਾਜ ਦੇ ਅਨੁਸੂਚਿਤ ਜਾਤੀ ਦੇ 32 ਪ੍ਰਤੀਸ਼ਤ ਆਬਾਦੀ ’ਤੇ ਮਾੜਾ ਪ੍ਰਭਾਵ ਪਾਇਆ ਅਤੇ ਇਸ ਪ੍ਰਭਾਵ ਨੂੰ ਘਟਾਉਣ ਲਈ, ਮੇਰੀ ਸਰਕਾਰ ਨੇ ‘ਡਾ. ਬੀ. ਆਰ. ਅੰਬੇਦਕਰ ਐਸ ਸੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ’ ਨੂੰ ਅਧਿਸੂਚਿਤ ਕੀਤਾ। ਹਾਲਾਂਕਿ, ਇਸ ਤੋਂ ਬਾਅਦ ਭਾਰਤ ਸਰਕਾਰ ਨੇ ਅਕਾਦਮਿਕ ਸੈਸ਼ਨ 2020-21 ਤੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਮੁੜ ਤੋਂ ਸ਼ੁਰੂ ਕਰਦਿਆਂ 10 ਪ੍ਰਤੀਸ਼ਤ (ਲਗਭਗ) ਦੀ ਬਜਾਏ ਰਾਜ ਦਾ ਹਿੱਸਾ 40 ਪ੍ਰਤੀਸ਼ਤ ਨਿਰਧਾਰਤ ਕੀਤਾ। ਮੇਰੀ ਸਰਕਾਰ ਨੇ ਨਵੀਂ ਯੋਜਨਾ ਨੂੰ ਅਪਣਾਇਆ ਹੈ, ਅਤੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਇਸ ਨੂੰ 1 ਅਪ੍ਰੈਲ 2017 ਤੋਂ ਲਾਗੂ ਕੀਤਾ ਜਾਵੇ ਅਤੇ ਰਾਜ ਨੂੰ ਪਿਛਲੇ ਸਾਲਾਂ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾਵੇ। ਉਹ ਹਾਲੇ ਤੱਕ ਸਹਿਮਤ ਨਹੀਂ ਹੋਏ ਹਨ। ਮੈਂ ਦੁਹਰਾਉਣਾ ਚਾਹੁੰਦਾ ਹਾਂ ਕਿ ਇਸ ਸਕੀਮ ਅਧੀਨ ਪੰਜਾਬ ਦਾ ਕੋਈ ਵੀ ਯੋਗ ਅਨੁਸੂਚਿਤ ਜਾਤੀ ਵਿਦਿਆਰਥੀ ਗੈਰ ਵਾਪਸੀਯੋਗ ਫੀਸਾਂ ਦੇ ਕਿਸੇ ਵੀ ਹਿੱਸੇ ਦਾ ਭਾਰ ਨਹੀਂ ਚੁੱਕੇਗਾ

125. ਅਸ਼ੀਰਵਾਦ ਯੋਜਨਾ ਦੇ ਤਹਿਤ ਜਨਵਰੀ 2021 ਤੱਕ 1.94 ਲੱਖ ਐੱਸ.ਸੀ., ਬੀ.ਸੀ. ਅਤੇ ਈ.ਡਬਲਯੂ.ਐੱਸ. ਲਾਭਪਾਤਰੀਆਂ ਨੂੰ 409 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਚੁੱਕੀ ਹੈ।

126. ਘੱਟਗਿਣਤੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਲਾਭ ਲਈ, ਮੇਰੀ ਸਰਕਾਰ ਰਾਜ ਵਿੱਚ

ਤਿੰਨ ਸਕਾਲਰਸ਼ਿਪ ਸਕੀਮਾਂ ਡੀਬੀਟੀ ਮੋਡ ਵਿੱਚ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਤੇ ਤਕਨੀਕੀ ਅਤੇ ਪੇਸ਼ੇਵਰਾਂ ਲਈ ਮੈਰਿਟ-ਕਮ-ਮੀਨ ਅਧਾਰਤ ਸਕਾਲਰਸ਼ਿਪ ਸਕੀਮ ਕੋਰਸ ਲਾਗੂ ਕਰ ਰਹੀ ਹੈ।

127. ਘੱਟਗਿਣਤੀ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ, 2020-21 ਦੌਰਾਨ ਡੀ.ਬੀ.ਟੀ. ਰਾਹੀਂ 4.68 ਲੱਖ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ 76.14 ਕਰੋੜ ਰੁਪਏ ਜਮ੍ਹਾ ਕੀਤੇ ਗਏ ਹਨ। ਘੱਟ ਗਿਣਤੀ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਡੀ.ਬੀ.ਟੀ. ਮੋਡ ਰਾਹੀਂ 56 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ 30.18 ਕਰੋੜ ਰੁਪਏ ਜਮ੍ਹਾ ਕੀਤੇ ਗਏ ਹਨ, ਅਤੇ ਘੱਟ ਗਿਣਤੀਆਂ ਲਈ ਮੈਰਿਟ-ਕਮ-ਮੀਨਸ ਅਧਾਰਤ ਸਕਾਲਰਸ਼ਿਪ ਦੇ ਤਹਿਤ, 2020-21 ਦੌਰਾਨ ਡੀਬੀਟੀ ਦੁਆਰਾ 2404 ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ 6.45 ਕਰੋੜ ਰੁਪਏ ਜਮ੍ਹਾ ਕੀਤੇ ਗਏ ਹਨ।

128. ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈ.) ਅਤੇ ਸ਼ਹਿਰੀ ਸਥਾਨਕ ਸੰਸਥਾਵਾਂ (ਯੂ.ਐੱਲ.ਬੀ.) ਵਿਚ ਔਰਤਾਂ ਲਈ 50 ਪ੍ਰਤੀਸ਼ਤ ਸੀਟਾਂ ਰਾਖਵੇਂ ਹੋਣ ਤੋਂ ਬਾਅਦ, ਮੇਰੀ ਸਰਕਾਰ ਨੇ ਸਰਕਾਰੀ ਨੌਕਰੀਆਂ ਵਿਚ ਔਰਤਾਂ ਲਈ 33 ਪ੍ਰਤੀਸ਼ਤ ਰਾਖਵਾਂਕਰਨ ਦੀ ਅਧਿਸੂਚਨਾ ਦੇਣ ਦਾ ਇਕ ਮਹੱਤਵਪੂਰਨ ਕਦਮ ਚੁੱਕਿਆ ਹੈ। ਇਸ ਤੋਂ ਇਲਾਵਾ, ਇਸ ਨੇ ਔਰਤਾਂ ਦੀ ਅਗਵਾਈ ਵਾਲੇ ਘਰਾਂ ਦੇ ਸਰਵਪੱਖੀ ਵਿਕਾਸ ਲਈ ਇਕ ਨਵੀਂ ਯੋਜਨਾ "ਮਾਤਾ ਤ੍ਰਿਪਤਾ ਮਹਿਲਾ ਯੋਜਨਾ" ਵੀ ਸ਼ੁਰੂ ਕੀਤੀ ਹੈ। ਇਸ ਯੋਜਨਾ ਦਾ ਉਦੇਸ਼ ਪਰਿਵਾਰਾਂ ਨੂੰ ਸਹਾਇਤਾ ਵਿੱਚ ਮਹੱਤਵਪੂਰਣ ਪਾੜੇ ਨੂੰ ਪਛਾਣਨਾ ਅਤੇ ਉਹਨਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਹੈ।ਇਸ ਯੋਜਨਾ ਨਾਲ ਰਾਜ ਵਿਚ ਤਕਰੀਬਨ 8 ਲੱਖ ਔਰਤਾਂ ਦੀ ਅਗਵਾਈ ਵਾਲੇ ਘਰਾਂ ਨੂੰ ਲਾਭ ਪ੍ਰਦਾਨ ਕਰਨ ਦੀ ਸੰਭਾਵਨਾ ਹੈ।

129. ਮੇਰੀ ਸਰਕਾਰ ਨੇ ਅਪੰਗ ਵਿਅਕਤੀਆਂ ਨੂੰ ਵਿੱਤੀ ਤੌਰ 'ਤੇ ਸੁਤੰਤਰ ਹੋਣਾ ਯਕੀਨੀ

ਬਣਾਉਣ ਲਈ 'ਪੰਜਾਬ ਦਿਵਿਆਂਗ ਜਨ ਸਸ਼ੱਕਤਕਰਨ ਯੋਜਨਾ'(ਪੀ.ਡੀ.ਐੱਸ.ਵਾਈ.) ਵੀ ਸ਼ੁਰੂ ਕੀਤੀ ਹੈ। ਇੱਥੇ ਫਿਰ, ਸਕੀਮ ਦਾ ਉਦੇਸ਼ ਅਪਾਹਜ ਵਿਅਕਤੀਆਂ ਦੀ ਸਹਾਇਤਾ ਵਿੱਚ ਨਾਜ਼ੁਕ ਪਾੜੇ ਨੂੰ ਪਛਾਣਨਾ ਅਤੇ ਉਹਨਾਂ ਲਈ ਸਹਾਇਤਾ ਪ੍ਰਦਾਨ ਕਰਨਾ ਹੈ।ਇਸ ਯੋਜਨਾ ਤਹਿਤ 6.50 ਲੱਖ ਅਪਾਹਜ ਲੋਕਾਂ ਨੂੰ ਲਾਭ ਹੋਣ ਦੀ ਸੰਭਾਵਨਾ ਹੈ।

130. ਬਜ਼ੁਰਗਾਂ, ਵਿਧਵਾਵਾਂ ਅਤੇ ਅਪਾਹਜ ਵਿਅਕਤੀਆਂ ਦੇ ਲਾਭ ਲਈ, ਮੇਰੀ ਸਰਕਾਰ ਨੇ ਜੁਲਾਈ 2017 ਵਿੱਚ ਮਾਸਿਕ ਪੈਨਸ਼ਨ 500 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 750 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਸੀ। ਇਸਨੇ ਇਹ ਵੀ ਸੁਨਿਸ਼ਚਿਤ ਕੀਤਾ ਹੈ ਕਿ ਸਾਰੇ ਯੋਗ ਵਿਅਕਤੀਆਂ ਨੂੰ ਪੈਨਸ਼ਨ ਨਿਯਮਤ ਤੌਰ ਤੇ ਦਿੱਤੀ ਜਾਵੇ। ਪ੍ਰਤੀ ਵਿਅਕਤੀ 750 ਰੁਪਏ ਮਹੀਨਾਵਾਰ ਪੈਨਸ਼ਨਾਂ ਹੁਣ ਤਕਰੀਬਨ 25 ਲੱਖ ਲਾਭਪਾਤਰੀਆਂ ਨੂੰ ਬਿਨਾਂ ਕਿਸੇ ਰੁਕਾਵਟ ਜਾਂ ਦੇਰੀ ਦੇ ਨਿਯਮਤ ਰੂਪ ਨਾਲ ਦਿੱਤੀਆਂ ਜਾ ਰਹੀਆਂ ਹਨ। ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ ਸਮਾਜਿਕ ਸੁਰੱਖਿਆ ਪੈਨਸ਼ਨਾਂ ਤੇ ਸਾਲਾਨਾ ਔਸਤਨ 1747 ਕਰੋੜ ਰੁਪਏ ਖਰਚ ਕੀਤੇ ਹਨ ਜਦੋਂ ਕਿ ਪਿਛਲੇ ਚਾਰ ਸਾਲਾਂ ਦੌਰਾਨ ਇਹ ਔਸਤਨ 633 ਕਰੋੜ ਰੁਪਏ ਸਨ।

131. ਖੇਡਾਂ ਨੂੰ ਉਤਸ਼ਾਹਤ ਕਰਨ ਲਈ, ਮੇਰੀ ਸਰਕਾਰ ਨੇ ਖਿਡਾਰੀਆਂ ਲਈ ਉਤਸ਼ਾਹ ਵਧਾਏ ਅਤੇ ਰਾਜਾਂ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਉੱਤੇ ਖਰਚੇ ਵਧਾਏ। ਚਾਲੂ ਵਿੱਤੀ ਵਰ੍ਹੇ ਦੌਰਾਨ ਇਸ ਖਾਤੇ 'ਤੇ 32 ਕਰੋੜ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ.

132. ਕੋਵਿਡ-19 ਮਹਾਂਮਾਰੀ ਦੇ ਕਾਰਨ ਆਵਾਜਾਈ ਅਤੇ ਸੰਪਰਕ ਵਿੱਚ ਆਏ ਵਿਘਨਾਂ ਨਾਲ ਰਾਜ ਦੇ ਵਿਕਾਸ ਵਿੱਚ ਪ੍ਰਵਾਸੀ ਭਾਰਤੀਆਂ ਦੀ ਵੱਧ ਤੋਂ ਵੱਧ ਭਾਗੀਦਾਰੀ ਮੰਗਣ ਦੀ ਮੇਰੀ ਸਰਕਾਰ ਦੀਆਂ ਕੋਸ਼ਿਸ਼ਾਂ ਵਿੱਚ ਇੱਕ ਵੱਡਾ ਝਟਕਾ ਲੱਗਿਆ ਹੈ। ਇਸ ਸਬੰਧ ਵਿੱਚ ਦੋ ਵੱਡੀਆਂ ਪਹਿਲਕਦਮੀਆਂ - ਫਰੈਂਡਜ਼ ਆਫ਼ ਪੰਜਾਬ ਦਾ ਉਦੇਸ਼ ਐੱਨ.ਆਰ.ਆਈ. ਦੀ ਸਰਗਰਮ ਭਾਗੀਦਾਰੀ ਨਾਲ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਲਈ, ਅਤੇ ਆਪਣੀਆਂ ਜੜਾਂ ਨਾਲ ਜੁੜੋ (ਸੀਵਾਈਆਰ), ਸਾਲ 2020-21 ਦੌਰਾਨ ਲਗਭਗ ਮੁਅੱਤਲ ਰਿਹਾ, ਪਰ ਅਗਲੇ ਸਾਲਾਂ ਦੌਰਾਨ

ਇਨ੍ਹਾਂ ਪ੍ਰੋਗਰਾਮਾਂ ਨੂੰ ਦੁਬਾਰਾ ਉਤਸ਼ਾਹਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਦੁਗਣਾ ਕੀਤਾ ਜਾਵੇਗਾ। ਹਾਲਾਂਕਿ ਸਰਕਾਰ ਨੇ ਵੱਖ ਵੱਖ ਦੇਸ਼ਾਂ ਵਿੱਚ 30 ਆਨਰੇਰੀ ਕੋਆਰਡੀਨੇਟਰ ਨਿਯੁਕਤ ਕੀਤੇ ਹਨ ਤਾਂ ਜੋ ਪੰਜਾਬੀ ਪ੍ਰਵਾਸੀ ਭਾਰਤੀਆਂ ਨੂੰ ਦਰਪੇਸ਼ ਮੁੱਦਿਆਂ ਨੂੰ ਉਜਾਗਰ ਅਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਇਆ ਜਾ ਸਕੇ।

133. 01-04-2021 ਤੋਂ ਮੇਰੀ ਸਰਕਾਰ ਨੇ ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ 7500 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 9400 ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਕੀਤਾ ਹੈ। ਇਸ ਨੇ ਆਜ਼ਾਦੀ ਘੁਲਾਟੀਆਂ ਨੂੰ ਪੰਜਾਬ ਸਰਕਾਰ ਦੀਆਂ ਏਜੰਸੀਆਂ ਦੁਆਰਾ ਪਲਾਟਾਂ ਅਤੇ ਮਕਾਨਾਂ ਦੀ ਅਲਾਟਮੈਂਟ ਵਿੱਚ 2% ਰਾਖਵਾਂਕਰਨ ਵੀ ਪ੍ਰਦਾਨ ਕੀਤਾ ਹੈ। ਆਜ਼ਾਦੀ ਘੁਲਾਟੀਆਂ ਦੇ ਯੋਗ ਵਾਰਸਾਂ ਨੂੰ ਰਾਜ ਦੇ ਮੈਡੀਕਲ ਅਤੇ ਤਕਨੀਕੀ ਕਾਲਜਾਂ ਵਿਚ ਦਾਖਲੇ ਲਈ ਅਤੇ ਰਾਜ ਸਰਕਾਰ ਦੀਆਂ ਨੌਕਰੀਆਂ ਵਿਚ ਸਿੱਧੀ ਭਰਤੀ ਦੀਆਂ ਅਸਾਮੀਆਂ ਲਈ 1% ਦਾ ਰਾਖਵਾਂਕਰਨ ਦਿੱਤਾ ਗਿਆ ਹੈ।

134. ਅਜ਼ਾਦੀ ਘੁਲਾਟੀਆਂ (ਸਵੈ) ਲਈ ਮੈਡੀਕਲ ਅਦਾਇਗੀ ਦਾ ਪ੍ਰਬੰਧ ਹੈ, ਜੋ ਕਿ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਅੰਦਰੂਨੀ ਇਲਾਜ ਦੇ ਤੌਰ ਤੇ ਹੁੰਦਾ ਹੈ. ਮੇਰੀ ਸਰਕਾਰ ਨੇ ਇਹ ਸੁਵਿਧਾ ਫਰੀਡਮ ਫਾਈਟਰ ਦੀਆਂ ਵਿਧਵਾਵਾਂ ਅਤੇ ਆਜ਼ਾਦੀ ਘੁਲਾਟੀਏ ਦੀ ਵਿਧਵਾ ਦੀ ਮੌਤ ਤੋਂ ਬਾਅਦ ਆਜ਼ਾਦੀ ਘੁਲਾਟੀਆਂ ਦੀਆਂ ਅਣਵਿਆਹੀਆਂ ਜਾਂ ਬੇਰੁਜ਼ਗਾਰ ਧੀਆਂ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ।

135. ਮੇਰੀ ਸਰਕਾਰ ਨੇ ਰੋਡਵੇਜ ਜਾਂ ਪੀਆਰਟੀਸੀ ਦੀਆਂ ਬੱਸਾਂ ਵਿਚ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਕਾਨੂੰਨੀ ਵਾਰਸਾਂ, ਅਰਥਾਤ ਪੁੱਤਰਾਂ, ਧੀਆਂ, ਪੋਤਰੇ -ਪੋਤਰੀਆਂ ਨੂੰ 07-12-2020 ਤੋਂ ਮੁਫਤ ਬੱਸ ਯਾਤਰਾ ਦੀ ਸਹੂਲਤ ਦੇਣ ਦਾ ਵੀ ਫੈਸਲਾ ਕੀਤਾ ਹੈ.

136. ਮੇਰੀ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਹੈ ਜੋ 15-10-2020 ਤੋਂ ਲਾਗੂ ਹੋਣ ਨਾਲ ਸਰਕਾਰ ਦੁਆਰਾ ਜਾਰੀ ਕੀਤੇ ਗਏ ਪਛਾਣ ਪੱਤਰ ਦਿਖਾਉਣ

ਤੇ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਕਾਨੂੰਨੀ ਵਾਰਸਾਂ (ਪੁੱਤਰਾਂ/ਧੀਆਂ/ਪੋਤਰੇ /ਪੋਤਰੀਆਂ) ਨੂੰ ਰਾਜ ਮਾਰਗਾਂ' ਤੇ ਟੋਲ ਟੈਕਸ ਤੋਂ ਛੋਟ ਦੇਵੇਗਾ।

137. ਮੇਰੀ ਸਰਕਾਰ ਨੇ 4300 ਸਾਬਕਾ ਸੈਨਿਕਾਂ ਨੂੰ ਸ਼ਾਮਲ ਕਰਕੇ "ਗਾਰਡੀਅਨ ਆਫ਼ ਗਵਰਨੈਂਸ" ਨਾਮ ਦੀ ਇੱਕ ਯੋਜਨਾ ਸ਼ੁਰੂ ਕੀਤੀ ਹੈ, ਜਿਸ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਹੇਠਲੇ ਪੱਧਰ 'ਤੇ ਸਰਕਾਰੀ ਯੋਜਨਾਵਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਰਤੀਆਂ ਜਾਂਦੀਆਂ ਹਨ।

138. ਮੇਰੀ ਸਰਕਾਰ ਨੇ ਪੰਜਾਬ ਰਾਜ ਡਾਟਾ ਨੀਤੀ, 2020 ਨੂੰ ਅਧਿਸੂਚਿਤ ਕੀਤਾ ਹੈ, ਜੋ ਕਿ ਡਾਟਾ ਸ਼ਾਸਨ ਅਤੇ ਪ੍ਰਬੰਧਨ ਲਈ ਇੱਕ ਵਿਆਪਕ ਨੀਤੀ ਹੈ। ਇਹ ਸੁਨਿਸ਼ਚਿਤ ਕਰੇਗਾ ਕਿ ਸਰਕਾਰੀ ਡੇਟਾ ਸੁਰੱਖਿਅਤ ਅਤੇ ਡੇਟਾ ਗੋਪਨੀਯਤਾ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਦਾ ਹੈ..

139. ਅਗਸਤ 2020 ਵਿਚ, ਮੇਰੀ ਸਰਕਾਰ ਨੇ ਇਕ ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ (ਪੀ.ਜੀ.ਆਰ.ਐੱਸ.) ਲਈ ਇਕ ਨੀਤੀ ਲਿਆਂਦੀ।ਇਸ ਨੀਤੀ ਨੂੰ ਲਾਗੂ ਕਰਨ ਲਈ ਸਥਾਪਤ ਕੀਤੇ ਗਏ ਔਨਲਾਈਨ ਪੋਰਟਲ ਨੇ ਨਾਗਰਿਕਾਂ ਨੂੰ ਕਿਤੇ ਵੀ ਆਪਣੀ ਸ਼ਿਕਾਇਤਾਂ ਦਾਇਰ ਕਰਨ ਅਤੇ ਇਸ ਨੂੰ ਟਰੈਕ ਕਰਨ ਦੀ ਸਹੂਲਤ ਦਿੱਤੀ ਹੈ, ਜਿਸ ਵਿਚ 516 ਸੇਵਾ ਕੇਂਦਰ ਵੀ ਸ਼ਾਮਲ ਹਨ, ਜੋ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ 327 ਸਰਕਾਰੀ ਸੇਵਾਵਾਂ ਪ੍ਰਦਾਨ ਕਰਨਗੇ।

140. ਪੱਤਰਕਾਰਾਂ ਦੀ ਸੁਰੱਖਿਆ ਲਈ, ਮੇਰੀ ਸਰਕਾਰ ਨੇ ਹਾਦਸਾ ਬੀਮਾ ਯੋਜਨਾ ਦੇ ਤਹਿਤ 5052 ਪੱਤਰਕਾਰਾਂ ਨੂੰ ਕਵਰ ਕਰਨ ਦਾ ਫੈਸਲਾ ਕੀਤਾ ਹੈ। ਸਾਲ 2020 ਦੌਰਾਨ ਰਾਜ ਭਰ ਵਿੱਚ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ 4510 ਪੀਲੇ ਪਛਾਣ ਪੱਤਰ ਜਾਰੀ ਕੀਤੇ ਗਏ ਸਨ। ਅਸੀਂ ਪ੍ਰਵਾਨਿਤ ਪੱਤਰਕਾਰਾਂ ਲਈ ਪੈਨਸ਼ਨ ਸਕੀਮ ਵੀ ਲਾਗੂ ਕਰ ਰਹੇ ਹਾਂ।

141. ਪੰਜਾਬ ਜੇਲ੍ਹ ਵਿਕਾਸ ਬੋਰਡ ਐਕਟ, 2020, ਅਤੇ ਪੰਜਾਬ ਜੇਲ੍ਹ ਵਿਕਾਸ ਬੋਰਡ ਦੇ ਨਿਯਮਾਂ ਨੂੰ ਕ੍ਰਮਵਾਰ 17.04.2020 ਅਤੇ 20.11.2020 ਨੂੰ ਅਧਿਸੂਚਿਤ ਕੀਤਾ

ਗਿਆ ਹੈ, ਜਿਸ ਦੇ ਤਹਿਤ ਮੇਰੀ ਸਰਕਾਰ ਨੇ ਰਾਜ ਦੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਇੱਕ ਪੰਜਾਬ ਜੇਲ੍ਹ ਵਿਕਾਸ ਬੋਰਡ ਦਾ ਗਠਨ ਕੀਤਾ ਹੈ। ਇਹ ਬੋਰਡ ਜੇਲ੍ਹ ਦੇ ਉਦਯੋਗਾਂ ਨੂੰ ਮੁੜ ਸੁਰਜੀਤ ਕਰਨ, ਕੈਦੀਆਂ ਦੀ ਭਲਾਈ ਲਈ ਮਾਲੀਆ ਪੈਦਾ ਕਰਨ, ਕੈਦੀਆਂ ਵਿੱਚ ਹੁਨਰ ਪੈਦਾ ਕਰਨ ਅਤੇ ਕੈਦੀਆਂ ਦੇ ਮੁੜ ਵਸੇਬੇ ਲਈ ਨਵੇਂ ਖੇਤਰ ਪੇਸ਼ ਕਰਨ ਵਿੱਚ ਵਿਭਾਗ ਦੀ ਸਹਾਇਤਾ ਕਰੇਗਾ।

142. ਮੇਰੀ ਸਰਕਾਰ ਕਰਮਚਾਰੀਆਂ ਪ੍ਰਤੀ ਆਪਣੀਆਂ ਵਚਨਬੱਧਤਾ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ। ਮੁੱਢਲੇ ਤੌਰ ਤੇ, ਸਰੋਤਾਂ ਦੀ ਘਾਟ ਕਾਰਨ ਇਨ੍ਹਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ, ਅਤੇ ਮਹਾਂਮਾਰੀ ਕੋਵਿਡ–19 ਨੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ। ਨਾ ਸਿਰਫ ਉਨ੍ਹਾਂ ਨੂੰ ਸੌਂਪੇ ਗਏ ਕਾਰਜਾਂ ਨੂੰ ਲਗਨ ਅਤੇ ਵਫ਼ਾਦਾਰੀ ਨਾਲ ਨਿਭਾਉਂਦੇ ਹੋਏ, ਬਲਕਿ ਉਨ੍ਹਾਂ ਦੁਆਰਾ ਪ੍ਰਦਰਸ਼ਿਤ ਅਨੁਸ਼ਾਸਨ ਅਤੇ ਸਮਝ ਲਈ ਵੀ ਰਾਜ ਸਰਕਾਰ ਦੇ ਕਰਮਚਾਰੀਆਂ ਦੀ ਭੂਮਿਕਾ ਦੀ ਕਦਰ ਕਰਨ ਦੀ ਜ਼ਰੂਰਤ ਹੈ। ਸਰਕਾਰ ਜਲਦੀ ਹੀ ਕਰਮਚਾਰੀਆਂ ਨਾਲ ਆਪਣੇ ਵਾਅਦੇ ਪੂਰੇ ਕਰੇਗੀ।

143. ਸਤਿਕਾਰਯੋਗ ਮੈਂਬਰ ਸਾਹਿਬਾਨ, ਮੇਰੀ ਸਰਕਾਰ ਦੀਆਂ ਪ੍ਰਾਪਤੀਆਂ ਸਾਲ 2017 ਵਿੱਚ ਪੰਜਾਬ ਦੇ ਲੋਕਾਂ ਪ੍ਰਤੀ ਆਪਣੀਆਂ ਵਚਨਬੱਧਤਾਵਾਂ ਨੂੰ ਪੂਰੀ ਤਰ੍ਹਾਂ ਦਰਸਾਉਂਦੀਆਂ ਹਨ। ਇਸ ਨੇ ਬਰਾਬਰੀ ਨਾਲ ਵਿਕਾਸ ਦੀ ਨੀਤੀ ਅਪਣਾਈ ਹੈ ਅਤੇ ਬਿਨਾਂ ਕਿਸੇ ਭੇਦਭਾਵ ਦੇ ਸਾਰਿਆਂ ਦੇ ਸਹਿ–ਮੌਜੂਦਗੀ ਲਈ ਇੱਕ ਸ਼ਾਂਤਮਈ ਪੰਜਾਬ ਨੂੰ ਯਕੀਨੀ ਬਣਾਇਆ ਹੈ। ਸਰਕਾਰ ਦੀਆਂ ਗ਼ਰੀਬ ਪੱਖੀ ਪਹਿਲਕਦਮੀਆਂ ਅਤੇ ਫੈਸਲੇ ਸਪੱਸ਼ਟ ਤੌਰ ਤੇ ਸਮਝਣ ਯੋਗ ਹਨ।ਕਿਸਾਨਾਂ ਨੂੰ ਮੁਫਤ ਬਿਜਲੀ (14.23 ਲੱਖ ਤੋਂ ਵੱਧ ਏ.ਪੀ.ਸੀ. ਉਪਭੋਗਤਾ), ਕਿਸਾਨਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਕਰਜ਼ਾ ਰਾਹਤ (5.64 ਲੱਖ ਕਿਸਾਨ ਅਤੇ 2.85 ਲੱਖ ਬੇਜ਼ਮੀਨੇ ਮਜ਼ਦੂਰ), ਘਰੇਲੂ ਖਪਤਕਾਰਾਂ ਨੂੰ ਮੁਫਤ ਅਤੇ ਸਬਸਿਡੀ ਵਾਲੀ ਬਿਜਲੀ (24.31 ਲੱਖ ਡੀਐਸ ਖਪਤਕਾਰਾਂ) ਸਾਰਿਆਂ ਨੂੰ ਸਿਹਤ ਕਵਰ (ਤਕਰੀਬਨ 40 ਲੱਖ ਪਰਿਵਾਰ), ਸਮਾਜਿਕ ਸੁਰੱਖਿਆ ਅਤੇ ਸੁਰੱਖਿਆ (25 ਲੱਖ ਤੋਂ ਵੱਧ ਵਿਅਕਤੀਆਂ ਨੂੰ ਪੈਨਸ਼ਨ); 8 ਲੱਖ ਔਰਤਾਂ ਦੀ ਅਗਵਾਈ ਵਾਲੇ ਘਰਾਂ, ਅਤੇ 6.50 ਲੱਖ

ਪੀਡਬਲਿਯੂਡੀ ਨੂੰ ਵਿੱਤੀ ਸਹਾਇਤਾ ਦੀਆਂ ਵਿਸ਼ੇਸ਼ ਯੋਜਨਾਵਾਂ ਅਤੇ 38.39 ਲੱਖ ਸਮਾਰਟ ਛੋਟੇ ਰਾਸ਼ਨ ਕਾਰਡਾਂ ਵਾਲੇ 1.47 ਕਰੋੜ ਵਿਅਕਤੀਆਂ ਨੂੰ ਸਬਸਿਡੀ ਰਾਸ਼ਨ ਇਸ ਸਬੰਧ ਵਿਚ ਸਰਕਾਰ ਦੀਆਂ ਕੁਝ ਇਕਲੌਤੀਆਂ ਟੀੱਚਾਬੱਧ ਕਾਰਵਾਈਆਂ ਹਨ। ਇਨ੍ਹਾਂ ਨੂੰ ਜਾਰੀ ਰੱਖਿਆ ਜਾਵੇਗਾ, ਅਤੇ ਸਰਕਾਰ ਬਾਕੀ ਕੰਮਾਂ ਨੂੰ ਵੀ ਪੂਰਾ ਕਰਨ ਲਈ ਵਚਨਬੱਧ ਹੈ ਜੋ ਪੰਜਾਬ ਦੇ ਲੋਕਾਂ ਨਾਲ ਆਪਣੀਆਂ ਸਾਰੀਆਂ ਵਚਨਬੱਧਤਾਵਾਂ ਨੂੰ ਪੂਰਾ ਕਰੇਗੀ। ਦੂਜੇ ਪਾਸੇ, ਪੰਜਾਬ ਦੇ ਲੋਕ ਵੀ ਤੁਹਾਡੇ ਸਾਰਿਆਂ ਵੱਲ ਇਹ ਯਕੀਨ ਨਾਲ ਦੇਖ ਰਹੇ ਹਨ ਕਿ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਹੋਣਗੀਆਂ। ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ ਇਸ ਮੌਕੇ ਦਾ ਲਾਭ ਉਠਾਓਗੇ ਅਤੇ ਪੰਜਾਬ ਨੂੰ ਇਕ ਮਜ਼ਬੂਤ, ਖੁਸ਼ਹਾਲ ਅਤੇ ਸ਼ਾਂਤੀਪੂਰਨ ਰਾਜ ਬਣਾਉਣ ਲਈ ਸਾਂਝੇ ਤੌਰ 'ਤੇ ਕੰਮ ਕਰੋਗੇ। ਮੈਂ ਤੁਹਾਡੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ।

**ਜੈ ਹਿੰਦ !**